ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 20*Issue 51 Friday, March 12, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਯੂਰਪੀਅਨ ਮੁਲਕਾਂ ਦੀਆਂ ਚਿੰਤਾਵਾਂ ਦੇ ਬਾਵਜੂਦ ਟੈਮ ਤੇ ਹਾਜ਼ਦੂ ਨੇ ਐਸਟ੍ਰਾਜ਼ੈਨੇਕਾ ਵਿਚ ਪ੍ਰਗਟਾਇਆ ਪੂਰਾ ਭਰੋਸਾ

ਓਟਵਾ, 11 ਮਾਰਚ (ਪੋਸਟ ਬਿਊਰੋ) : ਕੈਨੇਡਾ ਦੀ ਉੱਘੀ ਡਾਕਟਰ ਤੇ ਫੈਡਰਲ ਸਿਹਤ ਮੰਤਰੀ ਦਾ ਕਹਿਣਾ ਹੈ ਕਿ ਆਕਸਫੋਰਡ-ਐਸਟ੍ਰਾਜ਼ੈਨੇਕਾ ਦੀ ਕੈਨੇਡਾ ਵਿੱਚ ਵਰਤੋਂ ਉੱਤੇ ਰੋਕ ਲਾਉਣ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਹੈ। ਜ਼ਿਕਰਯੋਗ ਹੈ ਕਿ ਕਈ ਹੋਰਨਾਂ ਮੁਲਕਾਂ ਨੇ ਇਸ ਵੈਕਸੀਨ ਦੇ ਟੀਕਾਕਰਣ ਤੋਂ ਬਾਅਦ ਖੂਨ ਦੇ ਥੱਕੇ ਜੰਮਣ ਦੀ ਸ਼ਿਕਾਇਤ ਕਰਦਿਆਂ ਹੋਇਆਂ ਇਸ ਵੈਕਸੀਨ ਦੀ ਵਰਤੋਂ ਉੱਤੇ ਰੋਕ ਲਾ ਦਿੱਤੀ ਹੈ।



ਵੀਰਵਾਰ ਨੂੰ ਚੀਫ ਪਬਲਿਕ ਹੈਲਥ ਆਫੀਸਰ ਡਾ. ਥੈਰੇਸਾ ਟੈਮ ਨੇ ਆਖਿਆ ਕਿ ਕੈਨੇਡਾ ਨੂੰ ਐਸਟ੍ਰਾਜ਼ੈਨੇਕਾ ਵੈਕਸੀਨ ਦਾ ਉਹੀ ਬੈਚ ਸਪਲਾਈ ਨਹੀਂ ਕੀਤਾ ਗਿਆ ਜਿਹੜਾ ਹੋਰਨਾਂ ਯੂਰਪੀਅਨ ਦੇਸ਼ਾਂ ਨੂੰ ਕੀਤਾ ਗਿਆ ਹੈ, ਇਸ ਲਈ ਇਸ ਦੀ ਵਰਤੋਂ ਰੋਕਣ ਦੀ ਕੋਈ ਲੋੜ ਨਜ਼ਰ ਨਹੀਂ ਆਉਂਦੀ। ਜ਼ਿਕਰਯੋਗ ਹੈ ਕਿ ਡੈੱਨਮਾਰਕ ਦੇ ਅਧਿਕਾਰੀਆਂ ਨੇ ਵੀਰਵਾਰ ਨੂੰ ਕਈ ਲੋਕਾਂ ਦੇ ਸਰੀਰ ਵਿੱਚ ਇਸ ਵੈਕਸੀਨ ਦੇ ਟੀਕਾਕਰਣ ਤੋਂ ਬਾਅਦ ਖੂਨ ਦੇ ਥੱਕੇ ਜੰਮਣ ਦੀਆਂ ਕਈ ਖਬਰਾਂ ਮਿਲਣ ਤੇ ਇੱਕ ਵਿਅਕਤੀ ਦੀ ਮੌਤ ਤੋਂ ਬਾਅਦ ਐਸਟ੍ਰਾਜ਼ੈਨੇਕਾ ਵੈਕਸੀਨੇਸ਼ਨ ਉੱਤੇ ਰੋਕ ਲਾ ਦਿੱਤੀ ਸੀ। ਪਰ ਡੈੱਨਮਾਰਕ ਨੇ ਇਹ ਵੀ ਆਖਿਆ ਸੀ ਕਿ ਉਨ੍ਹਾਂ ਵੱਲੋਂ ਥੋੜ੍ਹੀ ਅਹਿਤਿਆਤ ਵਰਤਣ ਵਾਸਤੇ ਹੀ ਇਸ ਵੈਕਸੀਨ ਉੱਤੇ ਰੋਕ ਲਾਈ ਗਈ ਹੈ ਨਾ ਕਿ ਇਨ੍ਹਾਂ ਗੱਲਾਂ ਦਾ ਆਪਸ ਵਿੱਚ ਕੋਈ ਸਬੰਧ ਹੋਣ ਕਾਰਨ।

ਯੂਰਪੀਅਨ ਮੈਡੀਸਨਜ਼ ਏਜੰਸੀ ਵੱਲੋਂ ਵੀ ਇਸ ਤਰ੍ਹਾਂ ਦੇ ਮਾਮਲੇ ਦੀ ਆਪਣੇ ਪੱਧਰ ਉੱਤੇ ਜਾਂਚ ਕੀਤੀ ਜਾ ਰਹੀ ਹੈ। ਨੌਰਵੇਅ, ਆਈਸਲੈਂਡ ਤੇ ਹੋਰਨਾਂ ਕਈ ਦੇਸ਼ਾਂ ਵੱਲੋਂ ਵੀ ਐਸਟ੍ਰਾਜ਼ੈਨੇਕਾ ਵੈਕਸੀਨ ਦੀ ਵਰਤੋਂ ਹਾਲ ਦੀ ਘੜੀ ਮੁਲਤਵੀ ਕਰ ਦਿੱਤੀ ਗਈ ਹੈ। ...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

ਕੈਨੇਡਾ ਵਿਚ ਵੈਕਸੀਨੇਸ਼ਨ 'ਚ ਆ ਰਹੀ ਹੈ ਹੋਰ ਤੇਜ਼ੀ : ਟਰੂਡੋ

ਪੰਨਾ 03
ਮੂਲਵਾਸੀ ਆਗੂ ਖਿਲਾਫ ਟਿੱਪਣੀ ਕਰਨ ਉੱਤੇ ਫੋਰਡ ਤੋਂ ਤਿੰਨਾਂ ਵਿਰੋਧੀ ਪਾਰਟੀਆਂ ਨੇ ਮੁਆਫੀ ਦੀ ਕੀਤੀ ਮੰਗ

ਪੰਨਾ 05

## ਬਿਨਾਂ ਅਪੁਆਇੰਟਮੈਂਟ ਤੋਂ ਹੀ ਵੈਕਸੀਨੇਸ਼ਨ ਸ਼ੁਰੂ ਕਰਨ ਵਾਲੀ ਫਾਰਮੇਸੀ ਦੇ ਬਾਹਰ ਲੋਕਾਂ ਨੇ ਲਾਈਆਂ ਲਾਈਨਾਂ, ਵੈਕਸੀਨ ਮੁੱਕੀ

ਟੋਰਾਂਟੋ, 11 ਮਾਰਚ (ਪੋਸਟ ਬਿਊਰੋ) : ਕੌਕਸਵੈੱਲ ਨੇੜੇ ਡੈਨਫੋਰਥ ਸਥਿਤ ਸ਼ੌਪਰਜ਼ ਡਰੱਗ ਮਾਰਟ ਵੱਲੋਂ ਵਾਕ ਇਨ ਵੈਕਸੀਨੇਸ਼ਨ ਸ਼ੁਰੂ ਕੀਤੀ ਗਈ ਤੇ ਇਸ ਲਈ ਕੋਈ ਅਪੁਆਇੰਟਮੈਂਟ ਨਹੀਂ ਰੱਖੀ ਗਈ।


ਲੋਕਾਂ ਨੇ ਆਪਣੀ ਵਾਰੀ ਦੀ ਉਡੀਕ ਵਿੱਚ ਮਾਰਟ ਦੇ ਬਾਹਰ ਲਾਈਨਾਂ ਲਗਾ ਲਈਆਂ। ਲਾਈਨ ਵਿੱਚ ਲੱਗਣ ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਇਹ ਖਬਰ ਸੁਣੀ ਕਿ ਇੱਥੇ ਬਿਨਾਂ ਅਪੁਆਇੰਟਮੈਂਟ ਦੇ ਟੀਕੇ ਲਾਏ ਜਾ ਰਹੇ ਹਨ, ਇਸ ਬਾਰੇ ਉਨ੍ਹਾਂ ਨੂੰ ਆਪਣੇ ਦੋਸਤਾਂ ਕੋਲੋਂ ਟੈਕਸਟ ਮੈਸੇਜ ਵੀ ਮਿਲੇ ਤੇ ਉਹ ਵੈਕਸੀਨ ਦਾ ਸ਼ੌਟ ਲਵਾਉਣ ਇੱਥੇ ਪਹੁੰਚ ਗਏ। ਹੁਣ ਇਸ ਫਾਰਮੇਸੀ ਵਿੱਚ ਵੈਕਸੀਨ ਹੀ ਨਹੀਂ ਬਚੀ। ਨਾ ਹੀ ਇਸ ਬਾਰੇ ਹੋਰ ਜਾਣਕਾਰੀ ਮਿਲ ਰਹੀ ਹੈ ਕਿ ਇੱਥੇ ਹੋਰ ਵੈਕਸੀਨ ਕਦੋਂ ਆਵੇਗੀ।




ਸ਼ੁੱਕਰਵਾਰ ਨੂੰ ਡੈਨਫੋਰਥ-ਪੇਪ ਤੇ ਡੈਨਫੋਰਥ-ਮੇਨ ਸ਼ੌਪਰਜ ਕੋਲ 500-500 ਡੋਜ਼ਾਂ ਸਨ। ਪਰ ਇਸ ਸਟੋਰ ਉੱਤੇ ਕੋਈ ਵੈਕਸੀਨ ਨਹੀਂ ਬਚੀ। ਫੋਰਡ ਸਰਕਾਰ ਵੱਲੋਂ ਬੁੱਧਵਾਰ ਨੂੰ ਕੀਤੇ ਗਏ ਐਲਾਨ ਤੋਂ ਬਾਅਦ ਟੋਰਾਂਟੋ, ਵਿੰਡਸਰ ਤੇ ਕਿੰਗਸਟਨ ਹੈਲਥ ਯੂਨਿਟਸ ਵਿੱਚ ਓਨਟਾਰੀਓ ਵਾਸੀਆਂ ਨੂੰ ਆਕਸਫੋਰਡ ਐਸਟ੍ਰਾਜ਼ੈਨੇਕਾ ਸ਼ੌਟਸ ਲਾਏ ਜਾ ਰਹੇ ਹਨ। ...ਬਾਕੀ ਪੰਨਾ 6 'ਤੇ

## ਓਨਟਾਰੀਓ ਵਿੱਚ ਡਰਾਈਵਰਜ਼ ਲਾਇਸੰਸ ਰਨਿਊ ਕਰਵਾਉਣ ਲਈ ਮਿਆਦ ਵਿੱਚ ਕੀਤਾ ਗਿਆ ਵਾਧਾ ਅਜੇ ਵੀ ਜਾਰੀ

ਓਨਟਾਰੀਓ, 10 ਮਾਰਚ (ਪੋਸਟ ਬਿਊਰੋ) : ਪ੍ਰੋਵਿੰਸ ਵੱਲੋਂ ਓਨਟਾਰੀਓ ਦੇ ਡਰਾਈਵਰਜ਼ ਲਾਇਸੰਸ ਨੂੰ ਰਨਿਊ ਕਰਵਾਉਣ ਦੀ ਪ੍ਰਕਿਰਿਆ ਵਿੱਚ ਵਾਧਾ ਕੀਤਿਆਂ ਨੂੰ ਇੱਕ ਸਾਲ ਤੋਂ ਵੀ ਵੱਧ ਸਮਾਂ ਹੋ ਗਿਆ ਹੈ ਤੇ ਇਹ ਵਾਧਾ ਅਜੇ ਵੀ ਜਾਰੀ ਹੈ।




ਇੱਥੇ ਦੱਸਣਾ ਬਣਦਾ ਹੈ ਕਿ ਪਹਿਲੀ ਮਾਰਚ, 2020 ਨੂੰ ਐਕਸਪਾਇਰ ਹੋ ਚੁੱਕੇ ਦਸਤਾਵੇਜ਼ ਅਗਲੇ ਨੋਟਿਸ ਤੱਕ ਐਕਸਪਾਇਰੀ ਤਰੀਕ ਤੋਂ ਬਾਅਦ ਵੀ ਜਾਇਜ਼ ਤੇ ਕਾਨੂੰਨ ਦੇ ਦਾਇਰੇ ਵਿੱਚ ਹੀ ਰਹਿਣ-ਗੇ। ਇਨ੍ਹਾਂ ਵਿੱਚ ਤੁਹਾਡੇ ਲਾਇਸੰਸ ਪਲੇਟ ਸਟਿੱਕਰ, ਡਰਾਈਵਰਜ਼ ਲਾਇਸੰਸ, ਓਨਟਾਰੀਓ ਫੋਟੋ ਕਾਰਡ ਤੇ ਪਾਰਕਿੰਗ ਪਰਮਿਟ ਸ਼ਾਮਲ ਹਨ।

ਟਰਾਂਸਪੋਰਟੇਸ਼ਨ ਮੰਤਰਾਲੇ ਦਾ ਕਹਿਣਾ ਹੈ ਕਿ ਓਨਟਾਰੀਓ ਵਿੱਚ ਕੋਵਿਡ-19 ਦੇ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਅਤੇ ਸਰਵਿਸ ਓਨਟਾਰੀਓ ਦੀਆਂ ਲੋਕੇਸ਼ਨਾਂ ਉੱਤੇ ਇਨ ਪਰਸਨ ਸੰਪਰਕ ਨੂੰ ਸੀਮਤ ਕਰਨ ਲਈ ਪ੍ਰੋਵਿੰਸ ਵੱਲੋਂ 80 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਡਰਾਈਵਰ ਲਾਇਸੰਸ ਰਨਿਊ ਕਰਵਾਉਣ ਦੀ ਲੋੜ ਤੋਂ ਆਰਜ਼ੀ ਤੌਰ ਉੱਤੇ ਛੋਟ ਦਿੱਤੀ ਜਾ ਰਹੀ ਹੈ ਤਾਂ ਕਿ ਉਹ ਆਪਣੇ ਲਾਇਸੰਸ ਆਨਲਾਈਨ ਰਨਿਊ ਕਰਵਾ ਸਕਣ। ...ਬਾਕੀ ਪੰਨਾ 7 'ਤੇ

## ਕੋਵਿਡ-19 ਆਊਟਬ੍ਰੇਕ ਕਾਰਨ ਵੁੱਡਬ੍ਰਿੱਜ ਕਾਲਜ ਸਕੂਲ 2 ਹਫਤਿਆਂ ਲਈ ਕੀਤਾ ਗਿਆ ਬੰਦ

ਓਨਟਾਰੀਓ, 11 ਮਾਰਚ (ਪੋਸਟ ਬਿਊਰੋ) : ਯੌਰਕ ਰੀਜਨ ਪਬਲਿਕ ਹੈਲਥ (ਵਾਇ ਆਰ ਪੀ ਐਚ) ਦਾ ਕਹਿਣਾ ਹੈ ਕਿ ਵੁੱਡਬ੍ਰਿੱਜ ਕਾਲਜ ਸੈਕੰਡਰੀ ਸਕੂਲ ਨੂੰ ਕੋਵਿਡ-19 ਆਊਟਬ੍ਰੇਕ ਕਾਰਨ ਦੋ ਹਫਤਿਆਂ ਲਈ ਬੰਦ ਕਰ ਦਿੱਤਾ ਗਿਆ ਹੈ।



ਇੱਕ ਬਿਆਨ ਜਾਰੀ ਕਰਕੇ ਵਾਇ ਆਰ ਪੀ ਐਚ ਨੇ ਆਖਿਆ ਕਿ ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ (ਵਾਇ ਆਰ ਡੀ ਐਸ ਬੀ) ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਵਿੱਚ 6 ਮਾਰਚ ਨੂੰ ਸਕੂਲ ਦੇ ਸਟਾਫ ਤੇ ਮਾਪਿਆਂ ਨੂੰ ਇਸ ਆਊਟਬ੍ਰੇਕ ਬਾਰੇ ਆਗਾਹ ਕੀਤਾ ਗਿਆ ਸੀ ਤੇ 8 ਮਾਰਚ ਨੂੰ ਇੱਥੇ ਆਊਟਬ੍ਰੇਕ ਐਲਾਨ ਦਿੱਤੀ ਗਈ।

ਬੁੱਧਵਾਰ ਨੂੰ ਸ਼ਾਮੀਂ 5:00 ਵਜੇ ਸਕੂਲ ਵਿੱਚ ਕੋਵਿਡ-19 ਦੇ ਸੱਤ ਮਾਮਲਿਆਂ ਦੀ ਪੁਸ਼ਟੀ ਕੀਤੀ ਗਈ। ਕਾਰਪੋਰੇਟ ਕਮਿਊਨਿਕੇਸ਼ਨਜ਼ ਦੇ ਡਾਇਰੈਕਟਰ ਪੈਟ੍ਰਿਕ ਕੈਸੇ ਨੇ ਆਖਿਆ ਕਿ ਸਕੂਲ ਦੋ ਆਊਟਬ੍ਰੇਕਸ ਇੱਕਠਿਆਂ ਭੁਗਤ ਰਿਹਾ ਹੈ।

ਉਨ੍ਹਾਂ ਆਖਿਆ ਕਿ ਯੌਰਕ ਰੀਜਨ ਪਬਲਿਕ ਹੈਲਥ ਕੋਵਿਡ-19 ਮਾਮਲਿਆਂ ਦੀ ਜਾਂਚ ਕਰ ਰਹੀ ਹੈ ਤੇ ਵੁੱਡਬ੍ਰਿੱਜ ਕਾਲਜ ਸੈਕੰਡਰੀ ਸਕੂਲ ਵਿੱਚ ਪਾਏ ਇਨ੍ਹਾਂ ਮਾਮਲਿਆਂ ਨੂੰ ਵੇਰੀਐਂਟ ਆਫ ਕਨਸਰਨ (ਵੀ ਓ ਸੀ) ਦੱਸਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਉਰੀਜਨਲ ਸਟਰੇਨ ਦੇ ਵੀ ਮਾਮਲੇ ਸਾਹਮਣੇ ਆਏ ਹਨ। ਇਹ ਸਕੂਲ 25 ਮਾਰਚ ਨੂੰ ਖੁੱਲ੍ਹਣ ਦੀ ਸੰਭਾਵਨਾ ਹੈ ਤੇ ਉਦੋਂ ਤੱਕ ਸਾਰੇ ਵਿਦਿਆਰਥੀਆਂ ਨੂੰ ਆਨਲਾਈਨ ਪੜ੍ਹਾਈ ਕਰਵਾਈ ਜਾਵੇਗੀ।

## ਮਾਰਚ ਦੇ ਅੰਤ ਤੱਕ ਕੈਨੇਡਾ ਨੂੰ ਹਾਸਲ ਹੋਣਗੀਆਂ ਫਾਈਜ਼ਰ ਬਾਇਓਐਨਟੈਕ ਦੀਆਂ 8 ਮਿਲੀਅਨ ਡੋਜ਼ਾਂ

ਓਟਵਾ, 11 ਮਾਰਚ (ਪੋਸਟ ਬਿਊਰੋ) : ਵੱਡੀ ਮਾਤਰਾ ਵਿੱਚ ਵੈਕਸੀਨ ਮਾਰਚ ਦੇ ਅੰਤ ਤੱਕ ਕੈਨੇਡਾ ਪਹੁੰਚ ਜਾਵੇਗੀ। ਫਾਈਜ਼ਰ ਬਾਇਓਐਨਟੈਕ ਵੈਕਸੀਨ ਦੀਆਂ 8 ਮਿਲੀਅਨ ਵਾਧੂ ਡੋਜ਼ਾਂ ਮਾਰਚ ਦੇ ਅੰਤ ਤੱਕ ਕੈਨੇਡਾ ਪਹੁੰਚਣ ਦੀ ਸੰਭਾਵਨਾ ਹੈ। ਕੈਨੇਡਾ ਵਿੱਚ ਵੈਕਸੀਨ ਦੀ ਕੌਮੀ ਪੱਧਰ ਉੱਤੇ ਵੰਡ ਦੇ ਕੰਮ ਨੂੰ ਦੇਖਣ ਵਾਲੇ ਮੇਜਰ ਜਨਰਲ ਡੈਨੀ ਫੋਰਟਿਨ ਦਾ ਕਹਿਣਾ ਹੈ ਕਿ ਫਾਈਜ਼ਰ ਦੀ ਡਲਿਵਰੀ ਵਿੱਚ ਆਈ ਤੇਜ਼ੀ ਸਦਕਾ ਹੀ ਮਾਰਚ ਦੇ ਅੰਤ ਤੱਕ ਕੈਨੇਡਾ ਨੂੰ ਅੱਠ ਮਿਲੀਅਨ ਡੋਜ਼ਾਂ ਹਾਸਲ ਹੋਣਗੀਆਂ। ਮੌਡਰਨਾ ਦੀ ਹਫਤੇ ਵਿੱਚ ਦੋ ਵਾਰੀ ਹਾਸਲ ਹੋਣ ਵਾਲੀ ਡਲਿਵਰੀ ਅਗਲੇ ਮਹੀਨੇ ਦੇ ਮੱਧ ਤੱਕ ਇੱਕ ਮਿਲੀਅਨ ਦਾ ਅੰਕੜਾ ਟੱਪ ਜਾਵੇਗੀ। ਐਸਟ੍ਰਾਜ਼ੈਨੇਕਾ ਦੀਆਂ ਹੋਰ 1.5 ਮਿਲੀਅਨ ਡੋਜ਼ਾਂ ਮਈ ਦੇ ਮੱਧ ਤੱਕ ਹਾਸਲ ਹੋਣ ਦੀ ਉਮੀਦ ਹੈ। ਪਰ ਜੌਹਨਸਨ ਐਂਡ ਜੌਹਨਸਨ ਦੀ ਡਲਿਵਰੀ ਲਈ ਅਜੇ ਕੋਈ ਸਮਾਂ ਸੀਮਾਂ ਹਾਸਲ ਨਹੀਂ ਹੋਈ।



## ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ ਜਲਦ ਕਰਨਗੇ ਟ੍ਰਾਇਲ ਦਾ ਸਾਹਮਣਾ : ਚੀਨੀ ਮੀਡੀਆ

ਓਟਵਾ, 11 ਮਾਰਚ (ਪੋਸਟ ਬਿਊਰੋ) : ਚੀਨ ਦੀ ਇੱਕ ਸਰਕਾਰੀ ਪਬਲੀਕੇਸ਼ਨ ਦਾ ਕਹਿਣਾ ਹੈ ਕਿ ਦੋ ਕੈਨੇਡੀਅਨ ਵਿਅਕਤੀਆਂ ਨੂੰ ਦੋ ਸਾਲ ਨਜ਼ਰਬੰਦ ਕੀਤੇ ਜਾਣ ਤੋਂ ਬਾਅਦ ਪਹਿਲੀ ਵਾਰੀ ਟ੍ਰਾਇਲ ਦਾ ਸਾਹਮਣਾ ਕਰਨਾ ਹੋਵੇਗਾ।

ਪਰ ਗਲੋਬਲ ਅਫੇਅਰਜ਼ ਕੈਨੇਡਾ ਦੇ ਬੁਲਾਰੇ ਦਾ ਕਹਿਣਾ ਹੈ ਕਿ ਕੈਨੇਡੀਅਨ ਡਿਪਲੋਮੈਟਸ ਨੂੰ ਅਜਿਹੀ ਕਿਸੇ ਵੀ ਕੋਰਟ ਸਬੰਧੀ ਸੁਣਵਾਈ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਤੇ ਨਾ ਹੀ ਇਸ ਤਰ੍ਹਾਂ ਦੇ ਕਿਸੇ ਟ੍ਰਾਇਲ ਬਾਰੇ ਉਨ੍ਹਾਂ ਨੂੰ ਕੋਈ ਸਮਾਂ ਸੀਮਾਂ ਹੀ ਦੱਸੀ ਗਈ ਹੈ। ਜ਼ਿਕਰਯੋਗ ਹੈ ਕਿ ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ ਨੂੰ ਦਸੰਬਰ 2018 ਵਿੱਚ ਨਜ਼ਰਬੰਦ ਕੀਤਾ ਗਿਆ ਸੀ। ਇਹ ਸਾਰਾ ਮਾਮਲਾ ਵੈਨਕੂਵਰ ਵਿੱਚ ਗ੍ਰਿਫਤਾਰ ਕੀਤੀ ਗਈ ਹੁਆਵੇ ਦੀ ਚੀਫ ਐਗਜ਼ੈਕਟਿਵ ਮੈਂਗ ਵਾਨਜ਼ੋਊ ਨਾਲ ਸ਼ੁਰੂ ਹੋਇਆ। ਵਾਨਜ਼ੋਊ ਨੂੰ ਗ੍ਰਿਫਤਾਰ ਕਰਨ ਦੀ ਮੰਗ ਅਮਰੀਕਾ ਵੱਲੋਂ ਕੀਤੀ ਗਈ ਸੀ।




ਉਦੋਂ ਤੋਂ ਹੀ ਇਹ ਦੋਵੇਂ ਕੈਨੇਡੀਅਨ ਵੀ ਚੀਨ ਦੀ ਹਿਰਾਸਤ ਵਿੱਚ ਹਨ। ਕੈਨੇਡੀਅਨ ਸਰਕਾਰ ਤੇ ਆਬਜ਼ਰਵਰਜ਼ ਦਾ ਕਹਿਣਾ ਹੈ ਕਿ ਇਨ੍ਹਾਂ ਦੋਵਾਂ ਕੈਨੇਡੀਅਨਾਂ ਨੂੰ ਮੈਂਗ ਨੂੰ ਰਿਹਾਅ ਕਰਨ ਲਈ ਕੈਨੇਡਾ ਉੱਤੇ ਦਬਾਅ ਪਾਉਣ ਵਾਸਤੇ ਝੂਠੇ ਚਾਰਜਾਂ ਤਹਿਤ ਗ੍ਰਿਫਤਾਰ ਕਰਕੇ ਰੱਖਿਆ ਗਿਆ ਹੈ।

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Critical illness Ins •Travel & Visitor Ins •RESP & TFSA & RRSP
•Super Visa Insurance •Mortgage Insurance •Disability Insurance •Funeral Insurance
SIMRAN SAINI 416.994.7272
www.allkindinsurance.com

INSURANCE
○Home ○Auto ○Business ○Trucking ○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Advice you can bank on. Inc.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


80 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਹੋ?
ਹੁਣ ਤੁਸੀਂ ਆਪਣੀ ਕੋਵਿਡ-19 ਵੈਕਸੀਨ ਬੁੱਕ ਕਰ ਸਕਦੇ ਹੋ
905-791-5202
peelregion.ca/covid19vaccine
Region of Peel
working with you


NATION-WIDE TALK, TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਐਸਟ੍ਰਾਜ਼ੈਨੇਕਾ ਸ਼ੌਟਸ ਦੇਣ ਵਾਲੀਆਂ 325 ਫਾਰਮੇਸੀਜ਼ ਵਿਚ ਸ਼ੌਪਰਜ਼ ਡਰੱਗ ਮਾਰਟ ਤੇ ਕੌਸਕੋ ਵੀ ਸ਼ਾਮਲ




ਓਨਟਾਰੀਓ, 11 ਮਾਰਚ (ਪੋਸਟ ਬਿਊਰੋ) : ਪ੍ਰੋਵਿੰਸ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਸ਼ੁੱਕਰਵਾਰ ਤੋਂ 325 ਫਾਰਮੇਸੀਜ਼ ਵਿੱਚ 60 ਤੋਂ 64 ਸਾਲ ਦਰਮਿਆਨ ਦੇ ਯੋਗ ਓਨਟਾਰੀਓ ਵਾਸੀਆਂ ਨੂੰ ਐਸਟ੍ਰਾਜ਼ੈਨੇਕਾ ਵੈਕਸੀਨ ਦੀ ਡੋਜ਼ ਦਿੱਤੀ ਜਾਵੇਗੀ। ਅਜਿਹਾ ਸਿਰਫ ਅਪੁਆਇੰਟਮੈਂਟ ਨਾਲ ਹੀ ਹੋਵੇਗਾ।

ਜਿਨ੍ਹਾਂ ਫਾਰਮੇਸੀਜ਼ ਉੱਤੇ ਇਹ ਟੀਕੇ ਲਾਏ ਜਾਣਗੇ ਉਨ੍ਹਾਂ ਵਿੱਚ ਸ਼ੌਪਰਜ਼ ਡਰੱਗ ਮਾਰਟ, ਕੌਸਕੋ, ਵਾਲ-ਮਾਰਟ ਤੇ ਲੋਬਲਾਅ ਦੇ ਨਾਲ ਨਾਲ ਟੋਰਾਂਟੋ, ਕਿੰਗਸਟਨ ਤੇ ਵਿੰਡਸਰ ਐਸੈਕਸ ਦੀਆਂ ਹੋਰ ਫਾਰਮੇਸੀਜ਼ ਵੀ ਸ਼ਾਮਲ ਹਨ। ਫਰੌਂਟੇਨੈਕ, ਲੈਨਕਸ ਤੇ ਐਡਿੰਗਟਨ ਵੀ ਚੋਣਵੀਆਂ ਫਾਰਮੇਸੀਜ਼ ਉੱਤੇ 60 ਤੋਂ 64 ਸਾਲ ਦੇ ਮੈਂਬਰਾਂ ਨੂੰ ਵੈਕਸੀਨੇਟ ਕੀਤਾ ਜਾਵੇਗਾ।

ਇਸ ਮੌਕੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਅਸੀਂ ਆਪਣੀਆਂ ਫਾਰਮੇਸੀਜ਼ ਤੇ ਪ੍ਰਾਇਮਰੀ ਕੇਅਰ ਸੈਟਿੰਗਜ਼ ਵਿੱਚ ਟੀਕਾਕਰਣ ਤੇਜ਼ ਕਰਕੇ ਵੱਧ ਤੋਂ ਵੱਧ ਮੈਂਬਰਜ਼ ਨੂੰ ਸੁਰੱਖਿਅਤ ਕਰਨਾ ਚਾਹੁੰਦੇ ਹਾਂ। ਅਸੀਂ ਇਹ ਉਦੋਂ ਤੱਕ ਕਰਦੇ ਰਹਾਂਗੇ ਜਦੋਂ ਤੱਕ ਸਾਡੇ ਕੋਲ ਫੈਡਰਲ ਸਰਕਾਰ ਵੱਲੋਂ ਸਥਿਰ ਸਪਲਾਈ ਹਾਸਲ ਹੁੰਦੀ ਰਹੇਗੀ। ਹਾਲਾਂਕਿ ਇਨ੍ਹਾਂ ਸ਼ੌਟਸ ਲਈ ਆਨਲਾਈਨ ਬੁਕਿੰਗ ਸ਼ੁੱਕਰਵਾਰ ਤੋਂ ਸ਼ੁਰੂ ਹੋਣੀ ਹੈ ਪਰ ਕੌਸਕੋ ਤੇ ਰੈਕਸਾਲ ਫਾਰਮੇਸੀਜ਼ ਵੱਲੋਂ ਆਪਣੀਆਂ ਵੈੱਬਸਾਈਟਸ ਉੱਤੇ ਪਹਿਲਾਂ ਹੀ ਪੇਸ਼ਕਸ਼ ਦੇਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

ਰੈਕਸਾਲ ਵੱਲੋਂ ਟੋਰਾਂਟੋ ਦੀਆਂ 25 ਲੋਕੇਸ਼ਨਜ਼ ਦੀ ਲਿਸਟ ਤਿਆਰ ਕੀਤੀ ਗਈ ਹੈ, ਜਿੱਥੇ ਟੀਕਾਕਰਣ ਹੋਵੇਗਾ। ਬਰੈਂਪਟਨ ਤੇ ਮਿਸਸਾਗਾ ਦੇ ਮੇਅਰ ਪੈਟ੍ਰਿਕ ਬ੍ਰਾਊਨ ਤੇ ਬੌਨੀ ਕ੍ਰੌਂਬੀ ਦਾ ਕਹਿਣਾ ਹੈ ਕਿ ਪੀਲ ਰੀਜਨ ਵੀ ਇਸ ਪਾਇਲਟ ਪ੍ਰੋਜੈਕਟ ਦਾ ਹਿੱਸਾ ਹੋਵੇਗਾ ਤੇ ਰੀਜਨ ਵਿੱਚ 8 ਪਾਰਟਨਰ ਅਜਿਹੇ ਹੋਣਗੇ ਜਿੱਥੇ ਇਹ ਟੀਕਾਕਰਣ ਹੋਵ-ੇਗਾ। ਕ੍ਰੌਂਬੀ ਨੇ ਆਖਿਆ ਕਿ ਇਸ ਤੋਂ ਭਾਵ ਇਹ ਹੈ ਕਿ ਮਿਸੀਸਾਗਾ ਵਾਸੀਆਂ ਨੂੰ ਜਲਦ ਹੀ ਵੈਕਸੀਨ ਦੇ ਸ਼ੌਟਸ ਲਾਏ ਜਾਣਗੇ। ਐਸਟ੍ਰਾਜ਼ੈਨੇਕਾ ਡੋਜ਼ਾਂ ਦਾ ਕੁੱਝ ਹਿੱਸਾ ਪ੍ਰਾਇਮਰੀ ਕੇਅਰ ਡਾਕਟਰਾਂ ਕੋਲ ਵੀ ਜਾਵੇਗਾ, ਜੋ ਕਿ ਆਪਣੇ ਪੇਸ਼ੈਂਟਸ ਨੂੰ ਇਹ ਡੋਜ਼ ਦੇਣਗੇ।

ਫੋਰਡ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਫਾਰਮੇਸੀਜ਼ ਨੂੰ ਐਸਟ੍ਰਾਜ਼ੈਨੇਕਾ ਵੈਕਸੀਨ ਦੀਆਂ 164,500 ਡੋਜ਼ਾਂ ਹਾਸਲ ਹੋਣਗੀਆਂ ਜਦਕਿ ਫੈਮਿਲੀ ਡਾਕਟਰਾਂ ਨੂੰ ਇਸ ਵੈਕਸੀਨ ਦੀਆਂ 29,500 ਡੋਜ਼ਾਂ ਹਾਸਲ ਹੋਣਗੀਆਂ।

# ਬੈਂਕ ਆਫ ਕੈਨੇਡਾ ਨੇ ਵਿਆਜ ਦਰਾਂ ਵਿੱਚ ਨਹੀਂ ਕੀਤਾ ਕੋਈ ਵਾਧਾ





ਓਟਵਾ, 11 ਮਾਰਚ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ ਵਿੱਚ ਕੋਈ ਫੇਰਬਦਲ ਨਹੀਂ ਕੀਤਾ ਜਾ ਰਿਹਾ ਤੇ ਇਨ੍ਹਾਂ ਨੂੰ ਪਹਿਲਾਂ ਜਿੰਨਾ ਹੀ ਰੱਖਿਆ ਜਾ ਰਿਹਾ ਹੈ। ਬੈਂਕ ਦਾ ਕਹਿਣਾ ਹੈ ਕਿ ਭਾਵੇਂ ਹਾਲਾਤ ਸੁਧਰ ਰਹੇ ਹਨ ਪਰ ਆਰਥਿਕ ਹਾਲਾਤ ਵਿੱਚ ਹੋਰ ਸੁਧਾਰ ਹੋਣਾ ਬਾਕੀ ਹੈ।

ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਸੈਂਟਰਲ ਬੈਂਕ ਨੇ ਆਖਿਆ ਕਿ ਉਸ ਨੂੰ ਆਸ ਹੈ ਕਿ 2021 ਦੀ ਪਹਿਲੀ ਤਿਮਾਹੀ ਵਿੱਚ ਆਰਥਿਕ ਵਿਕਾਸ ਸਕਾਰਾਤਮਕ ਰਹੇਗਾ। ਇਸ ਤੋਂ ਪਹਿਲਾਂ ਜਨਵਰੀ ਵਿੱਚ ਇਹ ਪੇਸ਼ੀਨਿਗੋਈ ਕੀਤੀ ਗਈ ਸੀ ਕਿ ਸਾਲ ਦੇ ਸ਼ੁਰੂਆਤੀ ਮਹੀਨਿਆਂ ਵਿੱਚ ਅਰਥਚਾਰਾ ਸੁੰਗੜ ਸਕਦਾ ਹੈ। ਬੈਂਕ ਦੇ ਸੀਨੀਅਰ ਫੈਸਲਾਕਰਤਾਵਾਂ ਦਾ ਕਹਿਣਾ ਹੈ ਕਿ ਅਰਥਚਾਰੇ ਦਾ ਸਿੱਧਾ ਸਬੰਧ ਕੰਜ਼ਿਊਮਰਜ਼ ਤੇ ਕਾਰੋਬਾਰੀਆਂ ਦਰਮਿਆਨ ਤਾਲਮੇਲ ਤੋਂ ਹੁੰਦਾ ਹੈ ਤੇ ਇਹ ਦੋਵੇਂ ਧਿਰਾਂ ਲਾਕਡਾਊਨ ਤੇ ਪਾਬੰਦੀਆਂ ਦੇ ਨਵੇਂ ਗੇੜ ਨਾਲ ਰਾਬਤਾ ਬਿਠਾ ਰਹੀਆਂ ਹਨ।

ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਹਾਊਸਿੰਗ ਮਾਰਕਿਟ ਵਿੱਚ ਉਮੀਦ ਨਾਲੋਂ ਜ਼ਿਆਦਾ ਆਏ ਉਛਾਲ ਨੂੰ ਵੀ ਇਸ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਕੁੱਲ ਘਰੇਲੂ ਉਤਪਾਦ ਵਿੱਚ ਵੀ ਵਾਧਾ ਹ'ਇਆ। ਪਰ ਸੈਂਟਰਲ ਬੈਂਕ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਮਹਾਂਮਾਰੀ ਦੇ ਚੱਲਦਿਆਂ ਇਹ ਨਹੀਂ ਆਖਿਆ ਜਾ ਸਕਦਾ ਕਿ ਲੇਬਰ ਮਾਰਕਿਟ ਇਸ ਮੁਸੀਬਤ ਵਿੱਚੋਂ ਕਿਵੇਂ ਅਤੇ ਕਦੋਂ ਬਾਹਰ ਆਵੇਗੀ।

ਬੈਂਕ ਦੇ ਇਸ ਬਿਆਨ ਵਿੱਚ ਆਖਿਆ ਗਿਆ ਕਿ ਅਰਥਚਾਰੇ ਦੀ ਰਿਕਵਰੀ ਦੇ ਰਾਹ ਵਿੱਚ ਸੱਭ ਤੋਂ ਵੱਡਾ ਅੜਿੱਕਾ ਕੋਵਿਡ-19 ਮਹਾਮਾਰੀ ਦੇ ਵਧੇਰੇ ਨਵੇਂ ਵੇਰੀਐਂਟਸ ਕਰ ਸਕਦੇ ਹਨ। ਇਹ ਵੀ ਆਖਿਆ ਗਿਆ ਕਿ ਜਦੋਂ ਤੱਕ ਅਰਥਚਾਰਾ ਰਿਕਵਰ ਨਹੀਂ ਹੋ ਜਾਂਦਾ ਉਦੋਂ ਤੱਕ ਦ ਵਿਆਜ ਦਰਾਂ 0.25 ਹੀ ਰੱਖੀਆਂ ਜਾਣਗੀਆਂ।

# ਹੁਣ ਨਵੇਂ ਐਪ ਸਿਸਟਮ ਰਾਹੀਂ ਆਪਣੀਆਂ ਵੋਟਾਂ ਇਲੈਕਟ੍ਰੌਨਿਕ ਢੰਗ ਨਾਲ ਪਾਇਆ ਕਰਨਗੇ ਐਮਪੀ




ਓਟਵਾ, 11 ਮਾਰਚ (ਪੋਸਟ ਬਿਊਰੋ) : ਸੋਮਵਾਰ ਨੂੰ ਪਾਰਲੀਆਮੈਂਟ ਮੈਂਬਰ ਨਵੇਂ ਐਪ ਸਿਸਟਮ ਰਾਹੀਂ ਆਪਣੀਆਂ ਵੋਟਾਂ ਇਲੈਕਟ੍ਰੌਨਿਕ ਢੰਗ ਨਾਲ ਪਾਇਆ ਕਰਨਗੇ।

ਪਾਰਲੀਆਮੈਂਟ ਦੇ ਕੰਮਕਾਜ ਵਿੱਚ ਇਹ ਨਵੀਂ ਪ੍ਰਾਪਤੀ ਹੈ ਤੇ ਇਸ ਨੂੰ ਤਿਆਰ ਕਰਨ ਲਈ ਕਈ ਮਹੀਨਿਆਂ ਦਾ ਸਮਾਂ ਲੱਗਿਆ। ਮਹਾਂਮਾਰੀ ਦੇ ਇਸ ਦੌਰ ਵਿੱਚ ਇਸ ਤਰ੍ਹਾਂ ਦੀ ਤਕਨਾਲੋਜੀ ਨੂੰ ਅਪਣ-ਾਇਆ ਜਾਣਾ ਸਮੇਂ ਦੀ ਮੰਗ ਹੈ, ਇਸ ਤਰ੍ਹਾਂ ਵੋਟ ਕਰਨ ਦਾ ਸਿਲਸਿਲਾ ਸੋਮਵਾਰ ਦੁਪਹਿਰ ਤੋਂ ਸ਼ੁਰੂ ਹੋਵੇਗਾ। ਹੁਣ ਦੂਰ ਦਰਾਜ ਬੈਠੇ ਐਮਪੀਜ਼ ਵੀ ਹਾਂ, ਨਾਂਹ ਜਾਂ ਵੋਟ ਵਿੱਚ ਹਿੱਸਾ ਨਾ ਲੈ ਕੇ ਆਪਣੀ ਇੱਛਾ ਪ੍ਰਗਟਾਅ ਸਕਣਗੇ।

ਇਸ ਤਰ੍ਹਾਂ ਦੀ ਪਹਿਲੀ ਵੋਟ ਬਲਾਕ ਕਿਊਬਿਕੁਆ ਵੱਲੋਂ ਸੀਨੀਅਰਜ਼ ਬਾਰੇ ਲਿਆਂਦੇ ਮਤੇ ਉੱਤੇ ਪਾਈ ਜਾਵੇਗੀ ਤੇ ਫਿਰ ਇਸ ਤੋਂ ਬਾਅਦ ਬਿੱਲ ਸੀ-14 ਉੱਤੇ ਵੀ ਦੂਜੀ ਵੋਟਿੰਗਿ ਇਸੇ ਢੰਗ ਨਾਲ ਕਰਵਾਈ ਜਾਵੇਗੀ। ਇਸ ਲਿਹਾਜ ਨਾਲ ਕੀਤੀ ਗਈ ਵੋਟਿੰਗ ਵਿੱਚ ਕਾਫੀ ਘੱਟ ਸਮਾਂ ਲੱਗੇਗਾ ਜਦਕਿ ਜ਼ੂਮ ਰਾਹੀਂ ਕੀਤੀ ਜਾਣ ਵਾਲੀ ਵੋਟਿੰਗ ਵਿੱਚ ਵੀ ਕਾਫੀ ਵਕਤ ਜ਼ਾਇਆ ਹੁੰਦਾ ਸੀ। ਇਸ ਸਬੰਧ ਵਿੱਚ ਪੇਸ਼ ਆਉਣ ਵਾਲੀਆਂ ਦਿੱਕਤਾਂ ਨਾਲ ਵੀ ਹੇਠ ਲਿਖੇ ਅਨੁਸਾਰ ਸਿੱਝਿਆ ਗਿਆ ਹੈ :

- ਇਹ ਵੋਟਿੰਗ ਐਮਪੀਜ਼ ਦੇ ਹਾਊਸ ਮੈਨੇਜਡ ਮੋਬਾਈਲ ਡਿਵਾਇਸ ਤੋਂ ਹੋਵੇਗੀ ਤੇ ਐਮਪੀਜ਼ ਦਾ ਕੈਨੇਡਾ ਵਿੱਚ ਹੋਣਾ ਜ਼ਰੂਰੀ ਹੈ।
- ਵੋਟ ਸਬਮਿਟ ਕਰਵਾਉਣ ਤੋਂ ਪਹਿਲਾਂ ਐਮਪੀਜ਼ ਨੂੰ ਫੇਸ਼ੀਅਲ ਰੈਕੋਗਨਿਸ਼ਨ ਸਿਸਟਮ ਦੀ ਵਰਤੋਂ ਕਰਨੀ ਹੋਵੇਗੀ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਐਮਪੀ ਆਪ ਹੀ ਵੋਟਿੰਗ ਕਰ ਰਹੇ ਹਨ। ਇਸ ਤੋਂ ਇਲਾਵਾ ਦੋ ਮੌਕੇ ਫੋਟੋ ਲੈਣ ਲਈ ਵੀ ਦੇਣੇ ਹੋਣਗੇ, ਜਿਸ ਤੋਂ ਇਹ ਪੁਸ਼ਟੀ ਹੋ ਜਾਵੇਗੀ ਕਿ ਐਮਪੀ ਵੱਲੋਂ ਹੀ ਵੋਟਿੰਗ ਕੀਤੀ ਜਾ ਰਹੀ ਹੈ, ਇਸ ਲਈ ਦੋ ਮੌਕੇ ਤਸਵੀਰ ਖਿਚਵਾਉਣ ਲਈ ਮਿਲਣਗੇ ਤੇ ਇਹ ਪੁਸ਼ਟੀ ਹੋ ਜਾਵੇਗੀ ਕਿ ਉਨ੍ਹਾਂ ਦੀ ਸ਼ਕਲ ਫਾਈਲ ਵਿੱਚ ਦਿੱਤੀ ਤਸਵੀਰ ਨਾਲ ਮੇਲ ਖਾਂਦੀ ਹੈ।
- ਹਰੇਕ ਮਾਨਤਾ ਪ੍ਰਾਪਤ ਪਾਰਟੀ ਦੇ ਵ੍ਹਿਪ ਦੀ ਪਹੁੰਚ ਪ੍ਰਾਈਵੇਟ ਡੈਸ਼ਬੋਰਡ ਤੱਕ ਹੋਵੇਗੀ ਜਿੱਥੇ ਉਹ ਐਪ ਰਾਹੀਂ ਵੋਟਿੰਗ ਕਰਨ ਵਾਲੇ ਹਰੇਕ ਮੈਂਬਰ ਦੀ ਵਿਜ਼ੂਅਲ ਆਈਡੈਂਟਿਟੀ ਦੀ ਪੁਸ਼ਟੀ ਕਰ ਸਕਣਗੇ।
- ਇਲੈਕਟ੍ਰੌਨਿਕ ਸਾਧਨਾਂ ਦੀ ਵਰਤੋਂ ਕਰਕੇ ਵੋਟ ਪਾਉਣ ਵਾਲੇ ਮੈਂਬਰਾਂ ਦੀ ਵੋਟ ਜਲਦ ਹੀ ਜਨਤਕ ਵੀ ਕੀਤੀ ਜਾਵੇਗੀ।

# ਚਾਕੂ ਨਾਲ ਕੀਤੇ ਕਈ ਵਾਰਾਂ ਕਾਰਨ ਇੱਕ ਵਿਅਕਤੀ ਜ਼ਖ਼ਮੀ




ਟੋਰਾਂਟੋ, 11 ਮਾਰਚ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬੁੱਧਵਾਰ ਰਾਤ ਨੂੰ ਸ਼ੈਪਰਡ ਐਵਨਿਊ ਨੇੜੇ ਯੰਗ ਸਟਰੀਟ ਤੇ ਐਵਨਡੇਲ ਐਵਨਿਊ ਵਿਖੇ ਇੱਕ ਵਿਅਕਤੀ ਉੱਤੇ ਚਾਕੂ ਨਾਲ ਕੀਤੇ ਗਏ ਕਈ ਵਾਰਾਂ ਕਾਰਨ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।

ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ 10:00 ਵਜੇ ਤੋਂ ਪਹਿਲਾਂ ਇਲਾਕੇ ਵਿੱਚ ਸੱਦਿਆ ਗਿਆ। ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਇਲਾਕੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇੱਕ ਮਹਿਲਾ ਮਸ਼ਕੂਕ ਦੀ ਵੀ ਭਾਲ ਕੀਤੀ ਜਾ ਰਹੀ ਹੈ।

ਮਾਮਲੇ ਦੀ ਜਾਂਚ ਰੱਖਣ ਵਾਲਿਆਂ ਨੂੰ ਪੁਲਿਸ ਜਾਂ ਕ੍ਰਾਈਮ ਸਟੌਪਰਜ਼ ਨਾਲ ਸੰਪਰਕ ਕਰਨ ਲਈ ਆਖਿਆ ਜਾ ਰਿਹਾ ਹੈ।


# ਕੈਨੇਡਾ ਵਿਚ ਵੈਕਸੀਨੇਸ਼ਨ 'ਚ ਆ ਰਹੀ ਹੈ ਹੋਰ ਤੇਜ਼ੀ : ਟਰੂਡੋ

ਓਟਵਾ, 11 ਮਾਰਚ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੇਸ਼ ਪਹੁੰਚਣ ਵਾਲੀ ਵੈਕਸੀਨ ਦੀ ਹੋਰ ਖੇਪ ਦਾ ਜ਼ਿਕਰ ਕਰਦਿਆਂ ਆਖਿਆ ਕਿ ਹੁਣ ਵੈਕਸੀਨੇਸ਼ਨ ਵਿੱਚ ਹੋਰ ਤੇਜ਼ੀ ਆ ਜਾਵੇਗੀ। ਪਰ ਨਵੇਂ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਕੁੱਝ ਕੈਨੇਡੀਅਨ ਸਰਕਾਰ ਦੇ ਇਸ ਪ੍ਰੋਟੈਕਸ਼ਨ ਟੀਚੇ ਉੱਤੇ ਯਕੀਨ ਨਹੀਂ ਕਰਦੇ।

ਵੈਕਸੀਨ ਦੀ ਡਲਿਵਰੀ ਵਿੱਚ ਪਿਛਲੇ ਕੁੱਝ ਕੁ ਹਫਤਿਆਂ ਵਿੱਚ ਵਾਧਾ ਹੋਇਆ ਹੈ, ਕੈਨੇਡਾ ਵਿੱਚ ਦੋ ਨਵੀਂਆਂ ਵੈਕਸੀਨਜ਼ ਨੂੰ ਮਨਜ਼ੂਰੀ ਦਿੱਤੀ ਗਈ ਹੈ ਪਰ ਲੋਕ ਅਜੇ ਵੀ ਇਸ ਗੱਲ ਨੂੰ ਲੈ ਕੇ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹਨ ਕਿ ਵੈਕਸੀਨ ਦਾ ਟੀਚਾ ਪੂਰਾ ਕਰ ਲਿਆ ਜਾਵੇਗਾ। ਇੱਕ ਨਵੇਂ ਸਰਵੇਖਣ ਵਿੱਚ ਸਾਹਮਣੇ ਆਇਆ ਕਿ 52 ਫੀ ਸਦੀ ਕੈਨੇਡੀਅਨ ਇਹ ਨਹੀਂ ਮੰਨਦੇ ਕਿ ਕੈਨੇਡਾ ਆਪਣਾ ਟੀਚਾ ਪੂਰਾ ਕਰ ਲਵੇਗਾ ਜਦਕਿ 48 ਫੀ ਸਦੀ ਦਾ ਮੰਨਣਾ ਹੈ ਕਿ ਅਜਿਹਾ ਕਰ ਲਿਆ ਜਾਵੇਗਾ।

ਦੂਜੇ ਪਾਸੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਹ ਆਖ ਰਹੇ ਹਨ ਕਿ ਕੈਨੇਡਾ ਵਿੱਚ ਟੀਕਾਕਰਣ ਦੀ ਰਫਤਾਰ ਸਹੀ ਢੰਗ ਨਾਲ ਵਧ ਰਹੀ ਹੈ। ਓਟਵਾ ਵਿੱਚ ਇੱਕ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਸਰਕਾਰ ਰੋਜ਼ਾਨਾ ਵੱਧ ਤੋ ਵੱਧ ਵੈਕਸੀਨ ਹਾਸਲ ਕਰਨ ਤੇ ਇਸ ਦੀਆਂ ਡੋਜ਼ਾਂ ਦੀ ਸਹੀ ਵੰਡ ਕਰਨ ਲਈ ਅਣਥੱਕ ਕੋਸ਼ਿਸ਼ਾਂ ਕਰ ਰਹੀ ਹੈ। ਟਰੂਡੋ ਨੇ ਆਖਿਆ ਕਿ ਆਕਸਫੋਰਡ ਐਸਟ੍ਰਾਜ਼ੈਨੇਕਾ ਵੈਕਸੀਨ ਦੀਆਂ ਅੱਧੀ ਮਿਲੀਅਨ ਡੋਜ਼ਾਂ ਪਿਛਲੇ ਹਫਤੇ ਡਲਿਵਰ ਹੋਈਆਂ ਤੇ ਪ੍ਰੋਵਿੰਸਾਂ ਨੂੰ ਵੰਡੀਆਂ ਗਈਆਂ।

ਇਸ ਮਹੀਨੇ ਐਸਟ੍ਰਾਜ਼ੈਨੇਕਾ ਦੀਆਂ 194,000 ਡੋਜ਼ਾਂ ਓਨਟਾਰੀਓ ਨੂੰ ਹਾਸਲ ਹੋਣ ਦੀ ਉਮੀਦ ਹੈ। ਟਰੂਡੋ ਦਾ ਕਹਿਣਾ ਹੈ ਕਿ ਕੈਨੇਡਾ ਨੂੰ ਜੌਹਨਸਨ ਐਂਡ ਜੌਹਨਸਨ ਵੈਕਸੀਨ ਦੇ ਉਤਪਾਦਨ ਨਾਲ ਸਬੰਧਤ ਕੁੱਝ ਦਿੱਕਤਾਂ ਬਾਰੇ ਚੇਤਾਵਨੀ ਮਿਲੀ ਸੀ। ਜ਼ਿਕਰਯੋਗ ਹੈ ਕਿ ਇਹ ਵਾਇਰਲ ਵੈਕਟਰ ਵੈਕਸੀਨ ਜੇ ਐਂਡ ਜੇ ਦੀ ਸਬਸਿਡਰੀ ਜੈਨਸਨ ਫਾਰਮਾਸਿਊਟੀਕਲਜ਼ ਨੇ ਤਿਆਰ ਕੀਤੀ ਹੈ ਤੇ ਇਸ ਨੂੰ ਪਿਛਲੇ ਹਫਤੇ ਹੈਲਥ ਕੈਨੇਡਾ ਵੱਲੋ ਸੇਫ ਤੇ ਪ੍ਰਭਾਵਸ਼ਾਲੀ ਐਲਾਨਿਆ ਗਿਆ ਹੈ। ਕੈਨੇਡਾ ਨੇ ਇਸ ਵੈਕਸੀਨ ਦੀਆਂ 10 ਮਿਲੀਅਨ ਡੋਜ਼ਾਂ ਦਾ ਆਰਡਰ ਦਿੱਤਾ ਸੀ। ਕੈਨੇਡਾ ਨੂੰ ਹਾਸਲ ਹੋਣ ਵਾਲੀਆਂ ਵੈਕਸੀਨਜ਼ ਵਿੱਚ ਸਿਰਫ ਇਹੋ ਵੈਕਸੀਨ ਹੈ ਜਿਸਦੀ ਇੱਕੋ ਡੋਜ਼ ਕਾਫੀ ਹੈ। ਪਰ ਟਰੂਡੋ ਨੇ ਆਖਿਆ ਕਿ ਕੈਨੇਡਾ ਕੋਲ ਅਜੇ ਵੀ ਅਜਿਹੀ ਤਾਰੀਕ ਨਹੀਂ ਹੈ ਜਦੋਂ ਇਸ ਬਾਰੇ ਪਤਾ ਲੱਗੇ ਕਿ ਸਾਨੂੰ ਇਸ ਦੀ ਪਹਿਲੀ ਡਲਿਵਰੀ ਕਦੋਂ ਹਾਸਲ ਹੋਣੀ ਹੈ। ਕੰਪਨੀ ਨਾਲ ਕਈ ਵਾਰੀ ਹੋਈ ਗੱਲਬਾਤ ਤੋ ਵੀ ਇਹੋ ਪਤਾ ਲੱਗਿਆ ਹੈ ਕਿ ਉਨ੍ਹਾਂ ਨੂੰ ਵੈਕਸੀਨ ਦੇ ਉਤਪਾਦਨ ਵਿੱਚ ਦੇਰ ਦਾ ਸਾਹਮਣਾ



ਕਰਨਾ ਪੈ ਰਿਹਾ ਹੈ।



# ਮਿਸੀਸਾਗਾ ਵਿੱਚ ਲੋਕਲ ਜੌਬਜ਼ ਲਈ ਪਰਸਨਲ ਸਪੋਰਟ ਵਰਕਰਜ਼ ਨੂੰ ਟਰੇਨਿੰਗ ਦੇਵੇਗੀ ਓਨਟਾਰੀਓ ਸਰਕਾਰ



ਮਿਸੀਸਾਗਾ, 11 ਮਾਰਚ (ਪੋਸਟ ਬਿਊਰੋ) : ਮਿਸੀਸਾਗਾ-ਸਟਰੀਟਸਵਿੱਲ ਤੋਂ ਐਮਪੀਪੀ ਨੀਨਾ ਟਾਂਗਰੀ ਨੇ ਐਲਾਨ ਕੀਤਾ ਕਿ ਓਨਟਾਰੀਓ ਸਰਕਾਰ, ਕੈਨੇਡਾ ਓਨਟਾਰੀਓ ਜੌਬ ਗ੍ਰਾਂਟ ਰਾਹੀਂ ਵਰਕਰਜ਼ ਨੂੰ ਚੰਗੀਆਂ ਜੌਬਜ਼ ਦਿਵਾਏਗੀ।

ਮਿਸੀਸਾਗਾ ਵਿੱਚ ਵਿਕਟੋਰੀਅਨ ਆਰਡਰ ਆਫ ਨਰਸਿਜ਼ ਫੌਰ ਕੈਨੇਡਾ ਨੂੰ 171,417·00 ਡਾਲਰ ਦੀ ਮਦਦ 33 ਪਾਰਟੀਸਿਪੈਂਟਸ ਨੂੰ ਨੈਸ਼ਨਲ ਐਸੋਸਿਏਸ਼ਨ ਆਫ ਕਰੀਅਰ ਕਾਲੇਜਿਜ਼ (ਐਨਏਸੀਸੀ) ਤੋਂ ਪਰਸਨਲ ਸਪੋਰਟ ਵਰਕਰਜ਼ (ਪੀਐਸਡਬਲਿਊ) ਦੀ ਟਰੇਨਿੰਗ ਕਰਵਾਉਣ ਦੀ ਕੀਮਤ ਅਦਾ ਕਰਨ ਲਈ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਤੋਂ ਬਾਅਦ ਉਹ ਕਮਿਊਨਿਟੀ ਤੇ ਹੋਮਕੇਅਰ ਸੈਟਿੰਗ ਵਿੱਚ ਕੰਮ ਕਰਨ ਦੇ ਯੋਗ ਹੋ ਜਾਣਗੇ। ਕੈਨੇਡਾ ਓਨਟਾਰੀਓ ਜੌਬ ਗ੍ਰਾਂਟ ਦਾ ਮਕਸਦ ਜੌਬਸੀਕਰਜ਼ ਦੇ ਸਕਿੱਲਜ਼ ਤੇ ਉਨ੍ਹਾਂ ਦੇ ਇੰਪਲੌਈਜ਼ ਵਿੱਚ ਨਿਵੇਸ਼ ਕਰਨ ਲਈ ਇੰਪਲੌਇਰਜ਼ ਨੂੰ ਹੱਲਾਸ਼ੇਰੀ ਦੇਣਾ ਹੈ। ਜਿਹੜੇ ਇੰਪਲੌਇਰਜ਼ ਆਪਣੀ ਵਰਕਫੋਰਸ ਲਈ ਟਰੇਨਿੰਗ ਖਰੀਦਣੀ ਚਾਹੁੰਦੇ ਹਨ ਇਹ ਪ੍ਰੋਗਰਾਮ ਉਨ੍ਹਾਂ ਦੀ ਸਿੱਧੀ ਵਿੱਤੀ ਮਦਦ ਕਰਦਾ ਹੈ। ਇੰਪਲੌਇਰਜ਼ ਉਸ ਟਰੇਨਿੰਗ ਦੀ ਚੋਣ ਕਰ ਸਕਦੇ ਹਨ ਜਿਹੜੀ ਉਨ੍ਹਾਂ ਦੀ ਵਰਕਫੋਰਸ ਲਈ ਜ਼ਰੂਰੀ ਹੈ ਤੇ ਇਸ ਦੀ ਪਛਾਣ ਕਰ ਸਕਦੇ ਹਨ ਕਿ ਉਹ ਕਿਸ ਨੂੰ ਟਰੇਨਿੰਗ ਦੇਣਾ ਚਾਹੁੰਦੇ ਹਨ।

ਟਰੇਨਿੰਗ ਦੀਆਂ ਕੀਮਤਾਂ ਇੰਪਲੌਇਰਜ਼ ਤੇ ਸਰਕਾਰ ਦਰਮਿਆਨ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਐਮਪੀਪੀ ਟਾਂਗਰੀ ਨੇ ਆਖਿਆ ਕਿ ਸਾਡੀ ਕਮਿਊਨਿਟੀ ਵਿੱਚ ਕੋਵਿਡ-19 ਮਹਾਂਮਾਰੀ ਦਰਮਿਆਨ ਮੂਹਰੇ ਰਹਿ ਕੇ ਕੰਮ ਕਰਨ ਵਾਲੇ ਪਰਸਨਲ ਸਪੋਰਟ ਵਰਕਰਜ਼ ਦੀ ਅਸੀਂ ਮਦਦ ਕਰਨੀ ਚਾਹੁੰਦੇ ਹਾਂ । ਇਹ 171,417 ਡਾਲਰ ਦਾ ਨਿਵੇਸ਼ 33 ਪਾਰਟੀਸਿਪੈਂਟਸ ਨੂੰ ਟਰੇਨ ਕਰਨ ਵਿੱਚ ਮਦਦਗਾਰ ਸਿੱਧ ਹੋਵੇਗਾ ਜਿਹੜੇ ਅਗਾਂਹ ਚੱਲ ਕੇ ਉਨ੍ਹਾਂ ਓਨਟਾਰੀਓ ਵਾਸੀਆਂ ਦੀ ਸੇਵਾ ਕਰਨਗੇ ਜਿਨ੍ਹਾਂ ਨੂੰ ਇਨ੍ਹਾਂ ਦੀ ਲੋੜ ਹੈ ਤੇ ਜਿਹੜੇ ਇਸ ਦੀ ਆਸ ਕਰਦੇ ਹਨ।

ਕੈਨੇਡਾ ਓਨਟਾਰੀਓ ਜੌਬ ਗ੍ਰਾਂਟ ਇੰਪਲੌਇਰਜ਼ ਨੂੰ 10,000 ਡਾਲਰ ਪ੍ਰਤੀ ਵਰਕਰ ਮੁਹੱਈਆ ਕਰਾਵੇਗੀ ਜਿਹੜੇ ਯੋਗ ਟਰੇਨਿੰਗ ਹਾਸਲ ਕਰਨਗੇ। ਨਿੱਕੇ ਇੰਪਲੌਇਰਜ਼ ਤੇ ਕੰਪਨੀਆਂ, ਜਿਨ੍ਹਾਂ ਦੇ 100 ਤੋਂ ਵੀ ਘੱਟ ਇੰਪਲੌਇਜ਼ ਹਨ, ਲਈ ਇਹ ਪ੍ਰੋਗਰਾਮ ਟਰੇਨਿੰਗ ਦੀ ਕੀਮਤ ਦਾ 83 ਫੀ ਸਦੀ ਖਰਚਾ ਝੱਲ ਸਕੇਗਾ। ਜੇ ਉਹ ਬੇਰੋਜ਼ਗਾਰ ਵਰਕਰਜ਼ ਨੂੰ ਟਰੇਨਿੰਗ ਦੇ ਰਹੇ ਹਨ ਜਾਂ ਹਾਇਰ ਕਰ ਰਹੇ ਹਨ ਤਾਂ ਇਹ ਹਿੱਸੇਦਾਰੀ 100 ਫੀ ਸਦੀ ਵੀ ਹੋ ਸਕਦੀ ਹੈ ਤੇ ਟਰੇਨਿੰਗ ਲੈਣ ਵਾਲੇ ਬੇਰੋਜ਼ਗਾਰ ਵਰਕਰਾਂ ਲਈ 15,000 ਡਾਲਰ ਪ੍ਰਤੀ ਵਰਕਰ ਦਿੱਤੀ ਜਾਵੇਗੀ।

ਲੇਬਰ, ਟਰੇਨਿੰਗ ਤੇ ਸਕਿੱਲਜ਼ ਡਿਵੈਲਪਮੈਂਟ ਮੰਤਰੀ ਮੌਂਟੀ ਮੈਕਨੌਟਨ ਨੇ ਆਖਿਆ ਕਿ ਪੀਐਸਡਬਲਿਊ ਲਈ ਲੋੜੀਂਦੀ ਟਰੇਨਿੰਗ ਉੱਤੇ ਜਿੰਨਾਂ ਖਰਚਾ ਆਉਂਦਾ ਹੈ ਸਾਡੀ ਸਰਕਾਰ ਉਸ ਵਿੱਚ ਹਿੱਸੇਦਾਰੀ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਕਿ ਅਸੀਂ ਓਨਟਾਰੀਓ ਵਾਸੀਆਂ ਦੀਆਂ ਸਿਹਤ ਸਬੰਧੀ ਲੋੜਾਂ ਨੂੰ ਪੂਰਾ ਕਰ ਸਕੀਏ ਤੇ ਹਾਲਵੇਅ ਹੈਲਥਕੇਅਰ ਖਤਮ ਕਰ ਸਕੀਏ।

# ਟੋਰਾਂਟੋ ਦੇ ਸੰਨੀਬਰੁੱਕ ਹਸਪਤਾਲ ਵਿੱਚ ਤਿਆਰ ਕੀਤਾ ਜਾ ਰਿਹਾ ਹੈ ਫੀਲਡ ਹਸਪਤਾਲ



ਟੋਰਾਂਟੋ, 11 ਮਾਰਚ (ਪੋਸਟ ਬਿਊਰੋ) : ਟੋਰਾਂਟੋ ਦੇ ਸੰਨੀਬਰੁੱਕ ਹੈਲਥ ਸਾਇੰਸਿਜ਼ ਸੈਂਟਰ ਵੱਲੋਂ ਆਪਣੇ ਪਾਰਕਿੰਗ ਲੌਟ ਵਿੱਚ ਮੋਬਾਈਲ ਫੀਲਡ ਹਸਪਤਾਲ ਤਿਆਰ ਕੀਤਾ ਜਾ ਰਿਹਾ ਹੈ। ਇਹ ਸੱਭ ਕੋਵਿਡ-19 ਮਹਾਂਮਾਰੀ ਦੀ ਸੰਭਾਵੀ ਤੀਜੀ ਵੇਵ ਨਾਲ ਸਿੱਝਣ ਲਈ ਕੀਤਾ ਜਾ ਰਿਹਾ ਹੈ।

ਇਸ ਸਾਲ ਦੇ ਸ਼ੁਰੂ ਵਿੱਚ ਟਰੂਡੋ ਸਰਕਾਰ ਨੇ ਜੀਟੀਏ ਵਿੱਚ ਦੋ ਸਪੈਸ਼ਲਾਈਜ਼ਡ ਮੋਬਾਈਲ ਫੀਲਡ ਹਸਪਤਾਲ ਕਾਇਮ ਕਰਨ ਦਾ ਵਾਅਦਾ ਕੀਤਾ ਸੀ ਤਾਂ ਕਿ ਹੌਸਪਿਟਲ ਸਿਸਟਮ ਵਿੱਚ 200 ਬੈੱਡ ਹੋਰ ਸ਼ਾਮਲ ਕੀਤੇ ਜਾ ਸਕਣ।

100 ਬੈੱਡ ਵਾਲੀ ਇਹ ਫੈਸਿਲਿਟੀ, ਜਿਸ ਨੂੰ ਸੰਨੀਬਰੁੱਕ ਹੈਲਥ ਸਾਇੰਸਿਜ਼ ਸੈਂਟਰ ਵੱਲੋਂ ਆਪਣੇ ਪਾਰਕਿੰਗ ਲੌਟ ਵਿੱਚ ਕਾਇਮ ਕੀਤਾ ਜਾ ਰਿਹਾ ਹੈ ਟਰੂਡੋ ਵੱਲੋਂ ਕੀਤੇ ਵਾਅਦੇ ਵਾਲੀਆਂ ਫੈਸਿਲਿਟੀਜ਼ ਵਿੱਚੋਂ ਹੀ ਇੱਕ ਹੈ। ਇਸ ਨਾਲ ਰੀਜਨ ਦੇ ਹੈਲਥ ਕੇਅਰ ਸਿਸਟਮ ਉੱਤੇ ਅਸਰ ਨਹੀਂ ਪਵੇਗਾ।

ਇਸ ਫੈਸਿਲਿਟੀ ਵਿੱਚ ਵੈਂਟੀਲੇਟਰਜ਼, ਆਕਸੀਜ਼ਨ ਮਸ਼ੀਨਾਂ, ਪੋਰਟੇਬਲ ਐਕਸ ਰੇਅ ਮਸ਼ੀਨਾਂ ਤੇ ਨੈਗੇਟਿਵ ਪ੍ਰੈਸ਼ਰ ਸਿਸਟਮ ਹੋਣਗੇ। ਫੈਡਰਲ ਸਰਕਾਰ ਵੱਲੋਂ ਇਸ ਫੈਸਿਲਿਟੀ ਨੂੰ ਤਿਆਰ ਕਰਨ ਲਈ ਵੈਦਰਹੈਵਨ ਗਲੋਬਲ ਰਿਸੋਰਸਿਜ਼ ਨਾਲ ਕਾਂਟਰੈਕਟ ਕੀਤਾ ਗਿਆ ਹੈ। ਇਹ ਫੀਲਡ ਹਸਪਤਾਲ ਅਪਰੈਲ ਦੇ ਸ਼ੁਰੂ ਤੋਂ ਵਰਤੋਂ ਵਿੱਚ ਲਿਆਂਦਾ ਜਾ ਸਕੇਗਾ ਤੇ ਇਸ ਨੂੰ ਮਈ ਤੱਕ ਇੱਥੇ ਰੱਖੇ ਜਾਣ ਦੀ ਸੰਭਾਵਨਾ ਹੈ।

# ਓਨਟਾਰੀਓ ਪੁਲਿਸ ਕਾਲਜ ਵਿੱਚ ਆਊਟਬ੍ਰੇਕ ਕਾਰਨ ਕੋਵਿਡ ਦੇ 102 ਮਾਮਲੇ ਆਏ ਸਾਹਮਣੇ



ਓਨਟਾਰੀਓ, 11 ਮਾਰਚ (ਪੋਸਟ ਬਿਊਰੋ) : ਓਨਟਾਰੀਓ ਪੁਲਿਸ ਕਾਲਜ ਵਿੱਚ ਹੋਈ ਕੋਵਿਡ-19 ਆਊਟਬ੍ਰੇਕ ਕਾਰਨ ਹੁਣ ਇੱਥੇ 102 ਲੋਕ ਬਿਮਾਰ ਪੈ ਗਏ ਹਨ।

ਪਬਲਿਕ ਹੈਲਥ ਅਧਿਕਾਰੀਆਂ ਦਾ ਕਹਿਣਾ ਹੈ ਕਿ ਏਲਮਰ, ਓਨਟਾਰੀਓ ਵਿੱਚ ਇਸ ਟਰੇਨਿੰਗ ਫੈਸਿਲਿਟੀ ਵਿੱਚ ਹੋਈ ਆਊਟਬ੍ਰੇਕ ਵਿੱਚ ਕੋਵਿਡ-19 ਦੇ 33 ਸਰਗਰਮ ਮਾਮਲੇ ਪਾਏ ਗਏ ਹਨ। ਬਾਕੀ ਮਾਮਲੇ ਠੀਕ ਹੋ ਗਏ ਦੱਸੇ ਜਾ ਰਹੇ ਹਨ। ਸਾਊਥਵੈਸਟਰਨ ਪਬਲਿਕ ਹੈਲਥ ਯੂਨਿਟ ਦਾ ਕਹਿਣਾ ਹੈ ਕਿ ਸੱਭ ਤੋਂ ਪਹਿਲਾਂ ਇਸ ਕਾਲਜ ਵਿੱਚ ਆਊਟਬ੍ਰੇਕ 24 ਫਰਵਰੀ ਨੂੰ ਐਲਾਨੀ ਗਈ ਸੀ। ਫਰਵਰੀ ਦੇ ਅੰਤ ਵਿੱਚ ਇੱਥੇ ਇਨਪਰਸਨ ਲਰਨਿੰਗ ਸਸਪੈਂਡ ਕਰ ਦਿੱਤੀ ਗਈ ਅਤੇ ਦੋ ਹਫਤਿਆਂ ਲਈ ਕਲਾਸਾਂ ਨੂੰ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ।

ਲੋਕਲ ਹੈਲਥ ਯੂਨਿਟ ਦਾ ਕਹਿਣਾ ਹੈ ਕਿ ਉਹ ਕਲਾਸਾਂ ਨੂੰ ਸੁਰੱਖਿਅਤ ਢੰਗ ਨਾਲ ਮੁੜ ਸ਼ੁਰੂ ਕੀਤੇ ਜਾਣ ਲਈ ਕਾਲਜ ਅਧਿਕਾਰੀਆਂ ਨਾਲ ਗੱਲਬਾਤ ਕਰ ਰਹੇ ਹਨ। ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਓਨਟਾਰੀਓ ਪੁਲਿਸ ਕਾਲਜ ਪੂਰੇ ਨੌਰਥ ਅਮਰੀਕਾ ਵਿੱਚ ਸੱਭ ਤੋਂ ਵੱਡੀ ਪੁਲਿਸ ਟਰੇਨਿੰਗ ਫੈਸਿਲਿਟੀ ਹੈ।

# ਗੱਡੀ ਵਿੱਚ ਗੋਲੀ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ



ਟੋਰਾਂਟੋ, 11 ਮਾਰਚ (ਪੋਸਟ ਬਿਊਰੋ) : ਬੁੱਧਵਾਰ ਸ਼ਾਮ ਨੂੰ ਬਰੈਂਪਟਨ ਵਿੱਚ ਇੱਕ ਵਿਅਕਤੀ ਨੂੰ ਗੱਡੀ ਵਿੱਚ ਗੋਲੀ ਮਾਰੇ ਜਾਣ ਕਾਰਨ ਉਸ ਦੀ ਮੌਤ ਹੋ ਗਈ।

ਰਾਤੀਂ 7:00 ਵਜੇ ਤੋਂ ਬਾਅਦ ਪੀਲ ਪੁਲਿਸ ਨੂੰ ਆਰਚਡੇਕਿਨ ਡਰਾਈਵ ਤੇ ਰਦਰਫੋਰਡ ਰੋਡ ਇਲਾਕੇ ਵਿੱਚ ਚੱਲੀ ਇਸ ਗੋਲੀ ਦੇ ਮਾਮਲੇ ਵਿੱਚ ਇਤਲਾਹ ਦੇ ਕੇ ਸੱਦਿਆ ਗਿਆ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ ਗੱਡੀ ਵਿੱਚ ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਮਿਲਿਆ ਜਿਸ ਦੇ ਗੋਲੀਆਂ ਲੱਗੀਆਂ ਹੋਈਆਂ ਸਨ। ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਅਜੇ ਤੱਕ ਕਿਸੇ ਵੀ ਮਸ਼ਕੂਕ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

ਕਾਂਸਟੇਬਲ ਅਖਿਲ ਮੂਕਨ ਨੇ ਆਖਿਆ ਕਿ ਹੋਮੀਸਾਈਡ ਤੇ ਮਿਸਿੰਗ ਪਰਸਨਜ਼ ਬਿਊਰੋ ਵੱਲੋਂ ਮਾਮਲੇ ਦੀ ਜਾਂਚ ਆਪਣੇ ਹੱਥਾਂ ਵਿੱਚ ਲੈ ਲਈ ਗਈ ਹੈ। ਮੂਕਨ ਨੇ ਇਹ ਵੀ ਆਖਿਆ ਕਿ ਉਹ ਇਸ ਇਲਾਕੇ ਵਿੱਚ ਰਹਿਣ ਵਾਲੇ ਲੋਕਾਂ ਤੋਂ ਪੁੱਛਗਿੱਛ ਕਰ ਰਹੇ ਹਨ ਕਿਉਂਕਿ ਉਨ੍ਹਾਂ ਵਿੱਚੋਂ ਕਿਸੇ ਨੇ ਵਾਰਦਾਤ ਹੁੰਦੀ ਵੇਖੀ ਹੋ ਸਕਦੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਹ ਪਤਾ ਲਾਉਣਾ ਚਾਹੁੰਦੇ ਹਨ ਕਿ ਇਸ ਵਿਅਕਤੀ ਨੂੰ ਚੱਲਦੀ ਗੱਡੀ ਵਿੱਚੋਂ ਗੋਲੀ ਮਾਰੀ ਗਈ ਜਾਂ ਇਸ ਨੂੰ ਮਾਰਨ ਦਾ ਕੋਈ ਹੋਰ ਰਾਹ ਅਪਣਾਇਆ ਗਿਆ।

# ਕੈਨੇਡੀਅਨ ਮਿਲਟਰੀ ਨੂੰ ਡਿਫੈਂਸ ਸਟਾਫ ਦੀ ਪਹਿਲੀ ਮਹਿਲਾ ਵਾਈਸ ਚੀਫ ਮਿਲੀ



ਓਟਵਾ, 11 ਮਾਰਚ (ਪੋਸਟ ਬਿਊਰੋ) : ਲੈਫਟੀਨੈਂਟ ਜਨਰਲ ਫਰਾਂਸਿੰਜ਼ ਐਲਨ ਨੂੰ ਕੈਨੇਡੀਅਨ ਫੌਜ ਦੀ ਸੈਕਿੰਡ ਇਨ ਕਮਾਂਡ ਨਿਯੁਕਤ ਕੀਤਾ ਗਿਆ ਹੈ। ਇਸ ਅਹੁਦੇ ਉੱਤੇ ਨਿਯੁਕਤ ਹੋਣ ਵਾਲੀ ਉਹ ਪਹਿਲੀ ਮਹਿਲਾ ਬਣ ਗਈ ਹੈ।

ਸਾਬਕਾ ਚੀਫ ਆਫ ਡਿਫੈਂਸ ਸਟਾਫ ਜਨਰਲ ਜੌਨਾਥਨ ਵਾਂਸ ਤੇ ਉਨ੍ਹਾਂ ਤੋਂ ਬਾਅਦ ਨਿਯੁਕਤ ਕੀਤੇ ਗਏ ਐਡਮਿਰਲ ਆਰਟ ਮੈਕਡੌਨਲਡ, ਜੋ ਕਿ ਇਸ ਅਹੁਦੇ ਉੱਤੇ ਕਾਇਮ ਰਹਿਣ ਤੋਂ ਛੇ ਹਫਤੇ ਬਾਅਦ ਹੀ ਅਹੁਦੇ ਤੋਂ ਪਾਸੇ ਹੋ ਗਏ, ਉੱਤੇ ਮਾੜੇ ਵਿਵਹਾਰ ਦੇ ਦੋਸ਼ ਲੱਗੇ ਸਨ। ਐਲਨ ਨੇ ਪਿੱਛੇ ਜਿਹੇ ਬਰੱਸਲਜ਼ ਵਿੱਚ ਨਾਟੋ ਹੈੱਡਕੁਆਰਟਰ ਵਿੱਚ ਕੈਨੇਡਾ ਦੀ ਮਿਲਟਰੀ ਰਿਪ੍ਰਜ਼ੈਂਟੇਟਿਵ ਵਜੋਂ ਵੀ ਸੇਵਾ ਨਿਭਾਈ ਸੀ। ਉਹ ਦੂਜੀ ਅਜਿਹੀ ਮਹਿਲਾ ਹਨ ਜਿਨ੍ਹਾਂ ਨੂੰ ਆਰਮਡ ਫੋਰਸਿਜ਼ ਵਿੱਚ ਲੈਫਟੀਨੈਂਟ ਜਨਰਲ ਦਾ ਰੈਂਕ ਮਿਲਿਆ। ਮੈਕਡੌਨਲਡ ਦੇ ਇਸ ਅਹੁਦੇ ਉੱਤੇ ਚੁਣੇ ਜਾਣ ਤੋਂ ਪਹਿਲਾਂ ਵੀ ਐਲਨ ਨੂੰ ਕੈਨੇਡਾ ਦੀ ਪਹਿਲੀ ਮਹਿਲਾ ਡਿਫੈਂਸ ਚੀਫ ਨਿਯੁਕਤ ਕਰਨ ਦਾ ਮੌਕਾ ਮਿਲਿਆ ਸੀ। ਐਲਨ ਲੈਫਟੀਨੈਂਟ ਜਨਰਲ ਮਾਈਕ ਰੌਲੀਊ ਤੋਂ ਵਾਈਸ ਚੀਫ ਦਾ ਅਹੁਦਾ ਸਾਂਭੇਗੀ।

# ਐਨਡੀਪੀ ਨੇ ਕੈਪ ਐਂਡ ਟਰੇਡ ਸਿਸਟਮ ਵਾਪਿਸ ਲਿਆਉਣ ਦਾ ਕੀਤਾ ਵਾਅਦਾ

ਓਨਟਾਰੀਓ, 11 ਮਾਰਚ (ਪੋਸਟ ਬਿਊਰੋ) : ਓਨਟਾਰੀਓ ਦੇ ਨਿਊ ਡੈਮੋਕ੍ਰੈਟਸ ਦਾ ਕਹਿਣਾ ਹੈ ਕਿ ਜੇ 2022 ਵਿੱਚ ਉਹ ਸੱਤਾ ਵਿੱਚ ਆਉਂਦੇ ਹਨ ਤਾਂ ਉਹ ਨਵਾਂ ਕੈਪ ਐਂਡ ਟਰੇਡ ਕਾਰਬਨ ਪ੍ਰਾਈਸਿੰਗ ਸਿਸਟਮ ਲੈ ਕੇ ਆਉਣਗੇ।

ਮੁੱਖ ਸੱਤਾਧਾਰੀ ਧਿਰ ਨੇ ਆਪਣੇ ਇਲੈਕਸ਼ਨ ਪਲੇਟਫਾਰਮ ਦੇ ਐਨਵਾਇਰਮੈਂਟਲ ਪਾਲਿਸੀ ਦੇ ਸਬੰਧ ਵਿੱਚ ਇਹ ਵਾਅਦਾ ਕੀਤਾ। ਇੱਕ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਆਗੂ ਐਂਡਰੀਆ ਹੌਰਵਥ ਨੇ ਆਖਿਆ ਕਿ ਕਲਾਈਮੇਟ ਚੇਂਜ ਨਾਲ ਲੜਨ ਲਈ ਪ੍ਰੋਵਿੰਸ ਨੂੰ ਕਾਰਬਨ ਪ੍ਰਾਈਸਿੰਗ ਸਿਸਟਮ ਦੀ ਲੋੜ ਹੈ।




ਉਨ੍ਹਾਂ ਆਖਿਆ ਕਿ ਇਹ ਸਿਸਟਮ ਆਮਦਨ ਵਜੋਂ 30 ਬਿਲੀਅਨ ਡਾਲਰ ਜੁਟਾਏਗਾ ਤੇ ਅਗਲੇ ਚਾਰ ਸਾਲਾਂ ਵਿੱਚ ਗ੍ਰੀਨ ਬੌਂਡਜ਼ ਵੇਚ ਕੇ ਐਨਡੀਪੀ ਹੋਰ 10 ਬਿਲੀਅਨ ਡਾਲਰ ਇੱਕਠੇ ਕਰੇਗੀ। ਐਨਡੀਪੀ ਨੇ ਆਖਿਆ ਕਿ ਇਹ ਨਕਦੀ ਗ੍ਰੀਨ ਬਿਲਡਿੰਗ ਰੈਟਰੋਫਿਟਸ ਲਈ ਅਦਾਇਗੀ ਵਾਸਤੇ ਵਰਤੀ ਜਾਵੇਗੀ, ਇਲੈਕਟ੍ਰਿਕ ਵਾਹਨਾਂ ਦੀ ਵਿੱਕਰੀ ਤੇ 2030 ਤੱਕ ਕਈ ਬਿਲੀਅਨ ਰੁੱਖ ਲਾਉਣ ਲਈ ਵਰਤੀ ਜਾਵੇਗੀ।

ਇਹ ਵਾਅਦਾ ਵੀ ਕੀਤਾ ਗਿਆ ਕਿ ਹਰੇਕ ਘਰ ਨੂੰ ਇਲੈਕਟ੍ਰਿਕ ਕਾਰ ਚਾਰਜਿੰਗ ਸਟੇਸ਼ਨ ਲਾਉਣ ਲਈ ਪ੍ਰੋਵਿੰਸ ਵੱਲੋਂ 600 ਡਾਲਰ ਦਿੱਤੇ ਜਾਣਗੇ। ਜ਼ਿਕਰਯੋਗ ਹੈ ਕਿ ਓਨਟਾਰੀਓ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਪ੍ਰੋਵਿੰਸ ਦੇ ਕੈਪ ਐਂਡ ਟਰੇਡ ਸਿਸਟਮ ਨੂੰ 2018 ਵਿੱਚ ਖਤਮ ਕਰ ਦਿੱਤਾ ਸੀ। ਹੌਰਵਥ ਨੇ ਆਖਿਆ ਕਿ ਐਨਡੀਪੀ ਯਕੀਨੀ ਬਣਾਵੇਗੀ ਕਿ ਪ੍ਰਦੂਸ਼ਣ ਫੈਲਾਉਣ ਵਾਲੇ ਆਪਣੇ ਕੀਤੇ ਗਏ ਰਿਸਾਅ ਲਈ ਅਦਾਇਗੀ ਵੀ ਕਰਨ। ਉਨ੍ਹਾਂ ਇਹ ਵੀ ਆਖਿਆ ਕਿ ਘੱਟ ਤੇ ਦਰਮਿਆਨੀ ਆਮਦਨ ਵਾਲੇ ਓਨਟਾਰੀਓ ਵਾਸੀਆਂ ਨੂੰ ਇਸ ਲਈ ਕੋਈ ਅਦਾਇਗੀ ਨਹੀਂ ਕਰਨੀ ਹੋਵੇਗੀ।

# ਹਾਊਸ ਆਫ ਕਾਮਨਜ਼ ਵਿੱਚ ਜਾਰੀ ਖੜੋਤ ਨੂੰ ਤੋੜਨ ਦੀ ਐਨਡੀਪੀ ਦੀ ਕੋਸ਼ਿਸ਼ ਟੋਰੀਜ਼ ਨੇ ਕੀਤੀ ਨਾਕਾਮ

ਓਟਵਾ, 11 ਮਾਰਚ (ਪੋਸਟ ਬਿਊਰੋ) : ਐਨਡੀਪੀ ਦੇ ਹਾਊਸ ਲੀਡਰ ਪੀਟਰ ਜੂਲੀਅਨ ਨੇ ਫੈਡਰਲ ਕੰਜ਼ਰਵੇਟਿਵਾਂ ਉੱਤੇ ਨਜ਼ਲਾ ਝਾੜਦਿਆਂ ਆਖਿਆ ਕਿ ਗਲਤ ਨੀਤੀਆਂ ਕਾਰਨ ਲਿਬਰਲਾਂ ਨੂੰ ਕੋਵਿਡ-19 ਮਹਾਂਮਾਰੀ ਦਰਮਿਆਨ ਚੋਣਾਂ ਕਰਵਾਉਣ ਦਾ ਰਾਹ ਮਿਲ ਜਾਵੇਗਾ।

ਹਾਊਸ ਆਫ ਕਾਮਨਜ਼ ਵਿੱਚ ਆਈ ਖੜੋਤ ਨੂੰ ਤੋੜਨ ਦੀ ਜੂਲੀਅਨ ਦੀ ਕੋਸ਼ਿਸ਼ ਨੂੰ ਕੰਜ਼ਰਵੇਟਿਵਾਂ ਨੇ ਅਧਵਾਟੇ ਹੀ ਰੋਕ ਦਿੱਤਾ ਸੀ ਤੇ ਉਸ ਤੋਂ ਬਾਅਦ ਹੀ ਉਨ੍ਹਾਂ ਵੱਲੋਂ ਇਹ ਨੁਕਤਾਚੀਨੀ ਕੀਤੀ ਗਈ। ਜੂਲੀਅਨ ਚਾਹੁੰਦੇ ਸਨ ਹਾਊਸ ਆਫ ਕਾਮਨਜ਼ ਵਿੱਚ ਸੋਮਵਾਰ ਰਾਤ ਨੂੰ ਸਿਟਿੰਗ ਥੋੜ੍ਹੀ ਦੇਰ ਹੋਰ ਚੱਲੇ ਤਾਂ ਕਿ ਬਿੱਲ ਸੀ-5 ਉੱਤੇ ਫਾਈਨਲ ਬਹਿਸ ਹੋ ਸਕੇ। ਇਹ ਬਿੱਲ ਸੱਚ ਤੇ ਸੁਲ੍ਹਾ ਸਬੰਧੀ ਨੈਸ਼ਨਲ ਡੇਅ ਕਾਇਮ ਕਰਨ ਲਈ ਲਿਆਂਦਾ ਗਿਆ ਹੈ। ਕੰਜ਼ਰਵੇਟਿਵਾਂ ਨੇ ਇਸ ਬਿੱਲ ਉੱਤੇ ਸਾਂਝੀ ਰਜ਼ਾਮੰਦੀ ਤੋਂ ਇਨਕਾਰ ਕਰ ਦਿੱਤਾ। ਇਸੇ ਤਰ੍ਹਾਂ ਹੀ ਕੰਜ਼ਰਵੇਟਿਵਾਂ ਵੱਲੋਂ ਪਿਛਲੇ ਮਹੀਨੇ ਵੀ ਤਿੰਨ ਵਾਰੀ ਕੀਤਾ ਗਿਆ ਜਦੋਂ ਘੱਟ ਗਿਣਤੀ ਲਿਬਰਲ ਸਰਕਾਰ ਨੇ ਬਿੱਲ ਸੀ-7, ਜੋ ਕਿ ਮੌਤ ਵਿੱਚ ਮੈਡੀਕਲ ਸਹਿਯੋਗ ਸਬੰਧੀ ਲਿਆਂਦਾ ਗਿਆ, ਲਈ ਵੀ ਲੰਮਾਂ ਸਮਾਂ ਚੱਲਣ ਵਾਲੀ ਬਹਿਸ ਕਰਵਾਉਣ ਵਿੱਚ ਵਿਘਨ ਪਾਇਆ। ਇਸ ਤੋਂ ਇਲਾਵਾ ਐਮਰਜੰਸੀ ਪੈਨਡੈਮਿਕ ਏਡ ਬਾਰੇ ਬਿੱਲਜ਼ ਤੇ ਮਹਾਂਮਾਰੀ ਦੌਰਾਨ ਸੁਰੱਖਿਅਤ ਚੋਣਾਂ ਕਰਵਾਉਣ ਸਬੰਧੀ ਮਾਪਦੰਡਾਂ ਵਾਲੇ ਬਿੱਲਾਂ ਵਿੱਚ ਤਿਕੜਮ ਲੜਾ ਕੇ ਦੇਰ ਕਰਵਾਈ। ਜੂਲੀਅਨ ਨੇ ਆਖਿਆ ਕਿ ਕੰਜ਼ਰਵੇਟਿਵਾਂ ਨੇ ਸਰਕਾਰ ਦੇ ਲੈਜਿਸਲੇਟਿਵ ਏਜੰਡਾ ਨੂੰ ਰੋਕਣ ਲਈ ਪੂਰੀ ਰਣਨੀਤੀ ਬਣਾਈ ਹੋਈ ਹੈ ਤੇ ਫਿਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਕੋਈ ਵੀ ਬਿੱਲ ਲਿਆਉਣ ਟੋਰੀਜ਼ ਵੱਲੋਂ ਉਸ ਦਾ ਰਾਹ ਰੋਕਿਆ ਹੀ ਜਾਂਦਾ ਹੈ। ਇਸ ਰਣਨੀਤੀ ਨਾਲ ਲਿਬਰਲ ਇਹ ਆਖਦੇ ਹੋਏ ਚੋਣਾਂ ਕਰਵਾਉਣ ਲਈ ਬਾਜਿੱਦ ਹੋਣਗੇ ਕਿ ਲੋਕਾਂ ਦੀ ਭਲਾਈ ਦੇ ਕੰਮ ਕਰਵਾਉਣ ਲਈ ਉਨ੍ਹਾਂ ਨੂੰ ਬਹੁਗਿਣਤੀ ਹਾਸਲ ਕਰਨ ਲਈ ਚੋਣਾਂ ਕਰਵਾਉਣੀਆਂ ਹੀ ਪੈਣਗੀਆਂ।



ਜੂਲੀਅਨ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਇਹ ਕੋਈ ਸਮਾਰਟ ਪਹੁੰਚ ਨਹੀਂ ਹੈ। ਉਨ੍ਹਾਂ ਆਖਿਆ ਕਿ ਕੰਜ਼ਰਵੇਟਿਵ ਹਾਊਸ ਲੀਡਰ ਗੇਰਾਰਡ ਡੈਲਟੈਲ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਸਰਕਾਰ ਨੂੰ ਹਾਊਸ ਆਫ ਕਾਮਨਜ਼ ਵਿੱਚ ਵਿਰੋਧੀ ਪਾਰਟੀਆਂ ਨਾਲ ਉਸਾਰੂ ਢੰਗ ਨਾਲ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਦੀ ਪਾਰਟੀ ਮਹਾਂਮਾਰੀ ਦੌਰਾਨ ਚੋਣਾਂ ਨਹੀਂ ਕਰਵਾਉਣਾ ਚਾਹੁੰਦੀ।

ਜੂਲੀਅਨ ਨੇ ਨਾ ਸਿਰਫ ਹਾਊਸ ਆਫ ਕਾਮਨਜ਼ ਦੇ ਕੰਮਕਾਜ ਵਿੱਚ ਅੜਿੱਕੇ ਡਾਹੁਣ ਲਈ ਕੰਜ਼ਰਵੇਟਿਵਾਂ ਨੂੰ ਜ਼ਿੰਮੇਵਾਰ ਦੱਸਿਆ ਸਗੋਂ ਉਨ੍ਹਾਂ ਪਿੱਛੇ ਜਿਹੇ ਇਹ ਦੋਸ਼ ਵੀ ਲਾਇਆ ਸੀ ਕਿ ਲਿਬਰਲ ਜਾਣਬੁੱਝ ਕੇ ਕੁੱਝ ਅਹਿਮ ਕਾਨੂੰਨਾਂ ਨੂੰ ਰੋਕ ਕੇ ਰੱਖ ਰਹੇ ਹਨ। ਉਨ੍ਹਾਂ ਵਿਰੋਧੀ ਪਾਰਟੀਆਂ ਉੱਤੇ ਇਹ ਦੋਸ਼ ਵੀ ਲਾਇਆ ਕਿ ਅਹਿਮ ਬਿੱਲਾਂ ਦੀ ਇੱਧਰ ਉੱਧਰ ਸੁੱਟ ਥੱਲ ਕੀਤੀ ਜਾ ਰਹੀ ਹੈ।

# ਜੇਨ ਐਂਡ ਵੈਸਟਨ ਨੇੜੇ ਛੁਰੇਬਾਜ਼ੀ ਵਿੱਚ ਇੱਕ ਹਲਾਕ

ਟੋਰਾਂਟੋ, 11 ਮਾਰਚ (ਪੋਸਟ ਬਿਊਰੋ) : ਸ਼ਹਿਰ ਦੇ ਪੱਛਮੀ ਸਿਰੇ ਉੱਤੇ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ।

ਮੰਗਲਵਾਰ ਨੂੰ ਟੋਰਾਂਟੋ ਪੁਲਿਸ ਨੂੰ ਸਵੇਰੇ 11:30 ਵਜੇ ਤੋਂ ਠੀਕ ਪਹਿਲਾਂ ਵੈਸਟਨ ਰੋਡ ਨੇੜੇ ਜੇਨ ਸਟਰੀਟ ਤੇ ਟਰੈਥਿਊਵੇ ਡਰਾਈਵ ਇਲਾਕੇ ਵਿੱਚ ਸੱਦਿਆ ਗਿਆ। ਕਾਂਸਟੇਬਲ ਲੌਰਾ ਬ੍ਰਾਬੈਂਟ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਰਿਪੋਰਟ ਮਿਲੀ ਕਿ ਇੱਕ ਵਿਅਕਤੀ ਨੂੰ ਛੁਰਾ ਮਾਰਨ ਤੋਂ ਬਾਅਦ ਹਮਲਾਵਰ ਨੇ ਆਪਣੇ ਆਪ ਨੂੰ ਵੀ ਛੁਰਾ ਮਾਰ ਲਿਆ। ਜਿਸ ਨੂੰ ਛੁਰਾ ਮਾਰਿਆ ਗਿਆ ਸੀ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਮਸ਼ਕੂਕ ਆਪਣੇ 30ਵਿਆਂ ਵਿੱਚ ਮੰਨਿਆ ਜਾ ਰਿਹਾ ਹੈ ਉਸ ਨੂੰ ਬਹੁਤੀਆਂ ਸੱਟਾਂ ਨਹੀਂ ਲੱਗੀਆਂ ਤੇ ਉਸ ਨੂੰ ਗ੍ਰਿਫਤਾਰ ਵੀ ਕਰ ਲਿਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਮ੍ਰਿਤਕ ਆਪਣੇ 70ਵਿਆਂ ਵਿੱਚ ਸੀ। ਪੁਲਿਸ ਨੇ ਆਖਿਆ ਕਿ ਇਹ ਕਤਲ ਦਾ ਮਾਮਲਾ ਹੈ ਤੇ ਉਹ ਇਸ ਸਬੰਧ ਵਿੱਚ ਜਾਂਚ ਕਰ ਰਹੇ ਹਨ।

# ਕੋਵਿਡ-19 ਵੈਕਸੀਨੇਸ਼ਨ ਦੇ ਦੂਜੇ ਗੇੜੇ ’ਚ ਗਰਭਵਤੀ ਮਹਿਲਾਵਾਂ ਨੂੰ ਸ਼ਾਮਲ ਕੀਤੇ ਜਾਣ ਦਾ ਸਵਾਗਤ

ਓਨਟਾਰੀਓ, 11 ਮਾਰਚ (ਪੋਸਟ ਬਿਊਰੋ): ਗਰਭਵਤੀ ਔਰਤਾਂ ਨੂੰ ਕੋਵਿਡ-19 ਵੈਕਸੀਨੇਸ਼ਨ ਦੂਜੇ ਪੜਾਅ ਲਈ ਪ੍ਰਾਇਰਟੀ ਲਿਸਟ ਵਿੱਚ ਦਾਖਲ ਕੀਤੇ ਜਾਣ ਦਾ ਓਨਟਾਰੀਓ ਸੁਸਾਇਟੀ ਆਫ ਆਬਸਟੈਟਰੀਸ਼ੀਅਨ ਤੇ ਗਾਇਨੇਕੌਲੋਜਿਸਟਸ ਨੇ ਸਵਾਗਤ ਕੀਤਾ।

ਡਾ. ਕੌਂਸਟੈਂਸ ਨਾਸੈਲੋ ਦਾ ਕਹਿਣਾ ਹੈ ਕਿ ਹਾਲਾਂਕਿ ਗਰਭਵਤੀ ਔਰਤਾਂ ਨੂੰ ਫਾਈਜ਼ਰ ਬਾਇਓਐਨਟੈਕ ਤੇ ਮੌਡਰਨਾ ਵੈਕਸੀਨਜ਼ ਦੇ ਸ਼ੁਰੂਆਤੀ ਟ੍ਰਾਇਲਜ਼ ਤੋਂ ਪਾਸੇ ਰੱਖਿਆ ਗਿਆ ਸੀ ਪਰ ਹੁਣ ਇਹ ਆਖਿਆ ਜਾ ਰਿਹਾ ਹੈ ਕਿ ਇਸ ਗੱਲ ਦੇ ਪੁਖਤਾ ਸਬੂਤ ਹਨ ਕਿ ਇਹ ਵੈਕਸੀਨਜ਼ ਇਨ੍ਹਾਂ ਲਈ ਪੂਰੀ ਤਰ੍ਹਾਂ ਸੁਰੱਖਿਅਤ ਹਨ। ਓਨਟਾਰੀਓ ਹੈਲਥ ਅਧਿਕਾਰੀਆਂ ਨੇ ਗਰਭਕਾਲ ਨੂੰ ਕਾਰਕ ਮੰਨਦਿਆਂ ਆਖਿਆ ਕਿ ਇਸ ਕਾਰਨ ਕਿਸੇ ਨੂੰ ਹਸਪਤਾਲ ਦਾਖਲ ਕਰਨਾ ਪੈ ਸਕਦਾ ਹੈ ਤੇ ਜਾਂ ਕੋਵਿਡ-19 ਕਾਰਨ ਕਿਸੇ ਦੀ ਮੌਤ ਵੀ ਹੋ ਸਕਦੀ ਹੈ। ਸ਼ੁੱਕਰਵਾਰ ਨੂੰ ਉਨ੍ਹਾਂ ਪ੍ਰੋਵਿੰਸ ਦੇ ਵੈਕਸੀਨੇਸ਼ਨ ਪਲੈਨ ਦੇ ਵੇਰਵੇ ਜਾਰੀ ਕੀਤੇ।



ਇਸ ਤੋਂ ਭਾਵ ਹੈ ਕਿ ਵੈਕਸੀਨੇਸ਼ਨ ਦੇ ਦੂਜੇ ਗੇੜ ਵਿੱਚ ਗਰਭਵਤੀ ਔਰਤਾਂ ਨੂੰ ਵੈਕਸੀਨ ਹਾਸਲ ਕਰਨ ਦੇ ਯੋਗ ਠਹਿਰਾਇਆ ਗਿਆ ਹੈ। ਨਾਸੈਲ’ ਨੇ ਦੱਸਿਆ ਕਿ ਇਸ ਗੱਲ ਦੇ ਪੁਖਤਾ ਸਬੂਤ ਹਨ ਕਿ ਕਈ ਲੋਕਾਂ ਨੂੰ ਕੋਵਿਡ-19 ਹ’ਇਆ ਜਦਕਿ ਗਰਭਵਤੀਆਂ ਨੂੰ ਮਾਮੂਲੀ ਲੱਛਣ ਹੀ ਰਹੇ। ਸਿਰਫ ਸਸਕੈਚਵਨ ਵਿੱਚ ਹੀ ਗਰਭਵਤੀ ਮਹਿਲਾਵਾਂ ਨੂੰ ਪਹਿਲੇ ਗੇੜ ਦੇ ਟੀਕਾਕਰਣ ਵਿੱਚ ਸਾਮਲ ਕੀਤਾ ਗਿਆ ਸੀ।

# ਕੋਵਿਡ-19 ਆਊਟਬ੍ਰੇਕ ਕਾਰਨ ਸੇਂਟ ਫਰਾਂਸਿਜ਼ ਜ਼ੇਵੀਅਰ ਕੈਥੋਲਿਕ ਸਕੂਲ ਨੂੰ ਕੀਤਾ ਗਿਆ ਬੰਦ




ਓਨਟਾਰੀਓ, 11 ਮਾਰਚ (ਪੋਸਟ ਬਿਊਰੋ) : ਟੋਰਾਂਟੋ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਕੋਵਿਡ-19 ਆਊਟਬ੍ਰੇਕ ਕਾਰਨ ਸੇਂਟ ਫਰਾਂਸਿਜ਼ ਜ਼ੇਵੀਅਰ ਕੈਥੋਲਿਕ ਸਕੂਲ ਨੂੰ ਬੰਦ ਕੀਤਾ ਜਾ ਰਿਹਾ ਹੈ। ਇਹ ਐਲੀਮੈਂਟਰੀ ਸਕੂਲ ਕੀਲ ਸਟਰੀਟ ਤੇ ਲਾਅਰੈਂਸ ਐਵਨਿਊ ਵੈਸਟ ਇਲਾਕੇ ਵਿੱਚ ਨੌਰਥ ਯੌਰਕ ਵਿੱਚ ਸਥਿਤ ਹੈ। ਇਸ ਸਕੂਲ ਨੂੰ ਟੋਰਾਂਟੋ ਪਬਲਿਕ ਹੈਲਥ ਦੀ ਸਿਫਾਰਿਸ਼ ਉੱਤੇ ਬੰਦ ਕੀਤਾ ਜਾ ਰਿਹਾ ਹੈ। ਸੋਮਵਾਰ ਰਾਤ ਨੂੰ ਟੀਪੀਐਚ ਨੇ ਇਹ ਐਲਾਨ ਆਨਲਾਈਨ ਕੀਤਾ ਗਿਆ। ਟੀਸੀਡੀਐਸਬੀ ਨੇ ਦੱਸਿਆ ਕਿ ਸਕੂਲ ਵਿੱਚ ਕੋਵਿਡ-19 ਦੇ 11 ਸਰਗਰਮ ਮਾਮਲੇ ਪਾਏ ਗਏ। ਇਨ੍ਹਾਂ ਵਿੱਚੋਂ ਅੱਠ ਵਿਦਿਆਰਥੀ ਤੇ ਤਿੰਨ ਸਟਾਫ ਮੈਂਬਰ ਪਾਜ਼ੀਟਿਵ ਪਾਏ ਗਏ। ਇਹ ਵੀ ਆਖਿਆ ਗਿਆ ਕਿ ਬੋਰਡ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਕਿ ਸਕੂਲ ਵਿੱਚ ਕਿਸੇ ਤਰ੍ਹਾਂ ਦੇ ਵੇਰੀਐਂਟ ਵਾਲੇ ਮਾਮਲੇ ਪਾਏ ਗਏ ਜਾਂ ਨਹੀਂ। ਬੋਰਡ ਦਾ ਕਹਿਣਾ ਹੈ ਕਿ ਟੋਰਾਂਟੋ ਪਬਲਿਕ ਹੈਲਥ ਦੀ ਸਿਫਾਰਿਸ਼ ਉੱਤੇ ਹੀ ਇਹ ਅਹਿਤਿਆਤੀ ਕਦਮ ਚੁੱਕੇ ਜਾ ਰਹੇ ਹਨ। ਟੀਪੀਐਚ ਨੇ ਆਖਿਆ ਕਿ ਸਕੂਲ ਖੁੱਲ੍ਹਣ ਬਾਰੇ ਅਗਾਊਂ ਜਾਣਕਾਰੀ ਦੇ ਦਿੱਤੀ ਜਾਵੇਗੀ।







## ਅੱਜ ਨਾਮਾ

ਅਸੈਂਬਲੀ ਚੋਣਾਂ ਨੂੰ ਰਹਿੰਦੜਾ ਸਾਲ ਬਾਕੀ,
ਲੀਡਰ ਲੱਗ ਪਏ ਟਿਕਟ ਤੋਂ ਲੜਨ ਬੇਲੀ।
ਹਲਕਾ ਮਰਜ਼ੀ ਦਾ ਕਿਸੇ ਐਲਾਨ ਕਰਿਆ,
ਅਗਲੇ ਕਹਿੰਦੇ ਈ ਦੇਣਾ ਨਾ ਵੜਨ ਬੇਲੀ।
ਫਾਈਲਾਂ ਫੋਲ ਕੇ ਲੱਭ ਕੋਈ ਦੋਸ਼ ਤਕੜਾ,
ਆਪਸ ਵਿੱਚ ਉਹ ਲੱਗੇ ਆ ਜੜਨ ਬੇਲੀ।
ਲੱਭੀ ਊਜ ਨਹੀਂ ਕੋਈ ਜਾਂ ਫਾਈਲ ਵਿੱਚੋਂ,
ਆਪਣੇ ਕੋਲੋਂ ਵੀ ਲੱਗ ਪਏ ਘੜਨ ਬੇਲੀ।
ਜਦੋਂ ਤੀਕਰ ਨੂੰ ਚੋਣਾਂ ਦਾ ਵਕਤ ਆਉਣਾ,
ਖੇਡਾਂ ਇਹੀ ਬੱਸ ਹੁੰਦੀਆਂ ਰਹਿਣੀਆਂ ਈ।
ਊਜਾਂ ਆਪਣੇ ਲਾਉਣ ਪਏ ਟਿਕਟ ਖਾਤਰ,
ਵਿਰੋਧੀ ਪੱਖ ਨੇ ਏਹੋ ਦੁਹਰਾਉਣੀਆਂ ਈ।

**ਤੀਸ ਮਾਰ ਖਾਂ**

## ਮਿਸੀਸਾਗਾ ਨੂੰ ਰੈੱਡ ਜ਼ੋਨ ਵਿੱਚ ਹੀ ਰੱਖਿਆ ਜਾਵੇ : ਕ੍ਰੌਂਬੀ



ਮਿਸੀਸਾਗਾ, 11 ਮਾਰਚ (ਪੋਸਟ ਬਿਊਰੋ) : ਇਸ ਸਮੇਂ ਲਾਕਡਾਊਨ ਵਿੱਚ ਬੰਦ ਜੀਟੀਏ ਦੀ ਇੱਕ ਸਿਟੀ ਵੱਲੋਂ ਆਖਿਆ ਜਾ ਰਿਹਾ ਹੈ ਕਿ ਉਹ ਪ੍ਰੋਵਿੰਸ ਦੀ ਰੈੱਡ ਕੰਟਰੋਲ ਜ਼ੋਨ ਵਿੱਚ ਦਾਖਲ ਹੋਣ ਲਈ ਤਿਆਰ ਹੈ ਤੇ ਅਗਲੇ ਹਫਤੇ ਤੱਕ ਅਜਿਹਾ ਹੁੰਦਾ ਵੇਖਣਾ ਚਾਹੁੰਦੀ ਹੈ।

ਮਿਸੀਸਾਗਾ ਦੀ ਮੇਅਰ ਬ੍ਰੌਨੀ ਕ੍ਰੌਂਬੀ ਨੇ ਪੀਲ ਰੀਜਨ ਦੇ ਗ੍ਰੇਅ ਲਾਕਡਾਊਨ ਵਿੱਚ ਦਾਖਲ ਹੋਣ ਉੱਤੇ ਅਫਸੋਸ ਪ੍ਰਗਟ ਕਰਦਿਆਂ ਆਖਿਆ ਕਿ ਅਜੇ ਬਿਜ਼ਨਸਾਂ ਨੂੰ ਕੋਈ ਨੁਕਸਾਨ ਨਹੀਂ ਹੋਇਆ ਹੈ। ਗ੍ਰੇਅ ਜ਼ੋਨ ਵਿੱਚ ਰੀਟੇਲ ਖੁੱਲ੍ਹ ਸਕਦੇ ਹਨ ਪਰ ਇਹ ਰੈੱਡ ਕੰਟਰੋਲ ਜ਼ੋਨ ਤੋਂ ਘੱਟ ਪਾਬੰਦੀਆਂ ਵਾਲੀ ਹੁੰਦੀ ਹੈ।ਗ੍ਰੇਅ ਲਾਕਡਾਊਨ ਜ਼ੋਨ ਵਿੱਚ ਨਿੱਕੇ ਕਾਰੋਬਾਰ 25 ਫੀ ਸਦੀ ਸਮਰੱਥਾ ਨਾਲ ਖੋਲ੍ਹੇ ਜਾ ਸਕਦੇ ਹਨ।

ਬੁੱਧਵਾਰ ਨੂੰ ਗੱਲ ਕਰਦਿਆਂ ਕ੍ਰੌਂਬੀ ਇਸ ਨੂੰ ਇੱਕ ਕਦਮ ਹੋਰ ਅੱਗੇ ਲੈ ਗਈ। ਉਨ੍ਹਾਂ ਆਖਿਆ ਕਿ ਮਿਸੀਸਾਗਾ ਲਈ ਰੈੱਡ ਜ਼ੋਨ ਵਿੱਚ ਦਾਖਲ ਹੋਣ ਦਾ ਸਮਾਂ ਆ ਗਿਆ ਹੈ ਫਿਰ ਭਾਵੇਂ ਸਾਰਾ ਰੀਜਨ ਨਾਲ ਹੋਵੇ ਜਾਂ ਨਾ। ਕ੍ਰੌਂਬੀ ਨੇ ਇਹ ਵੀ ਆਖਿਆ ਕਿ ਅਜੇ ਸਾਡੇ ਹਾਲਾਤ ਸਹੀ ਨਹੀਂ ਹੋਏ ਹਨ ਤੇ ਬਰੈਂਪਟਨ ਨਾਲ ਇਸ ਨੂੰ ਗ੍ਰੇਅ ਜ਼ੋਨ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਦਾ। ਮੇਅਰ ਨੇ ਦ੍ਰਿੜਤਾ ਨਾਲ ਆਖਿਆ ਕਿ ਮਿਸੀਸਾਗਾ ਵੀ ਵਾਅਨ, ਓਕਵਿੱਲ, ਮਿਲਟਨ ਤੇ ਮਾਰਖਮ ਵਾਂਗ ਵੱਖਰਾ ਸ਼ਹਿਰ ਹੈ ਤੇ ਇਹ ਵੀ ਬਰੈਂਪਟਨ ਦੇ ਕਾਫੀ ਨੇੜੇ ਹੈ। ਯੌਰਕ ਤੇ ਹਾਲਟਨ ਰੀਜਨਜ਼ ਵੀ ਬਰੈਂਪਟਨ ਦੇ ਨੇੜੇ ਹਨ ਪਰ ਉਹ ਰੈੱਡ ਜ਼ੋਨ ਵਿੱਚ ਹਨ। ਇਸ ਹਫਤੇ ਪੀਲ ਰੀਜਨ ਵਿੱਚ ਪ੍ਰਤੀ 100,000 ਵਾਸੀਆਂ ਪਿੱਛੇ ਕੋਵਿਡ-19 ਦੇ 88 ਕੇਸ ਪਾਏ ਗਏ ਜੋ ਕਿ ਪਿਛਲੇ ਹਫਤੇ ਦੇ ਮੁਕਾਬਲੇ ਜ਼ਿਆਦਾ ਹਨ।

## 300 ਫਾਰਮੇਸੀਜ਼ ਰਾਹੀਂ 60 ਤੋਂ 64 ਸਾਲ ਦੇ ਲੋਕਾਂ ਨੂੰ ਦਿੱਤੀ ਜਾਵੇਗੀ ਐਸਟ੍ਰਾਜ਼ੈਨੇਕਾ ਵੈਕਸੀਨ




ਟੋਰਾਂਟੋ, 11 ਮਾਰਚ (ਪੋਸਟ ਬਿਊਰੋ) : ਕੁੱਝ ਬਜ਼ੁਰਗ ਓਨਟਾਰੀਓ ਵਾਸੀਆਂ ਨੂੰ ਹੁਣ ਆਪਣੀਆਂ ਲੋਕਲ ਫਾਜਮੇਸੀਜ਼ ਵਿੱਚ ਕੋਵਿਡ-19 ਵੈਕਸੀਨ ਹਾਸਲ ਹੋ ਜਾਵੇਗੀ।

ਪ੍ਰੋਵਿੰਸ ਨੂੰ ਅੱਜ ਆਕਸਫੋਰਡ ਐਸਟ੍ਰਾਜ਼ੈਨੇਕਾ ਵੈਕਸੀਨ ਦੀਆਂ 194,000 ਡੋਜ਼ਾਂ ਹਾਸਲ ਹੋਣਗੀਆਂ। ਹੈਲਥ ਕੈਨੇਡਾ ਵੱਲੋਂ 65 ਸਾਲ ਤੋਂ ਵੱਧ ਉਮਰ ਵਰਗ ਦੇ ਲੋਕਾਂ ਨੂੰ ਇਹ ਵੈਕਸੀਨ ਦੀ ਵਰਤੋਂ ਨਾ ਕਰਨ ਦੀ ਸਿਫਾਰਿਸ਼ ਕੀਤੀ ਗਈ ਸੀ। ਇਸ ਲਈ ਓਨਟਾਰੀਓ ਵਿੱਚ ਇਹ ਵੈਕਸੀਨ 60 ਤੇ 64 ਸਾਲ ਉਮਰ ਵਰਗ ਦੇ ਲੋਕਾਂ ਨੂੰ ਹੀ ਦਿੱਤੀ ਜਾਵੇਗੀ।ਮੰਗਲਵਾਰ ਨੂੰ ਕੁਈਨਜ਼ ਪਾਰਕ ਵਿਖੇ ਪ੍ਰਸ਼ਨਕਾਲ ਦੌਰਾਨ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਪ੍ਰੋਵਿੰਸ ਵੱਲੋਂ ਐਸਟ੍ਰਾਜ਼ੈਨੇਕਾ ਵੈਕਸੀਨ ਰਾਹੀਂ ਟੀਕਾਕਰਣ ਨੂੰ ਅੱਗੇ ਵਧਾਉਣ ਲਈ 300 ਫਾਰਮੇਸੀਜ਼ ਤੋਂ ਵੱਧ ਦੀ ਲਿਸਟ ਜਾਰੀ ਕੀਤੇ ਜਾਣ ਦੀ ਯੋਜਨਾ ਹੈ।

ਉਨ੍ਹਾਂ ਆਖਿਆ ਕਿ ਇਸ ਤੋਂ ਬਾਅਦ ਇਸ ਹਫਤੇ ਦੇ ਅੰਤ ਤੱਕ ਇਨ੍ਹਾਂ ਫਾਰਮੇਸੀਜ਼ ਉੱਤੇ ਸੁਸਾਇਟੀ ਦੇ ਯੋਗ ਮੈਂਬਰ ਅਪੁਆਇੰਟਮੈਂਟ ਬੁੱਕ ਕਰਵਾ ਸਕਣਗੇ।ਉਨ੍ਹਾਂ ਆਖਿਆ ਕਿ ਸਾਨੂੰ ਅੱਜ ਹਾਸਲ ਹੋਣ ਵਾਲੀਆਂ 190,000 ਵੈਕਸੀਨਜ਼ ਸੀਮਤ ਹਨ ਤੇ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਜਿਨੀ ਜਲਦੀ ਹੋ ਸਕੇ ਉਨ੍ਹਾਂ ਨੂੰ ਡਲਿਵਰ ਕੀਤਾ ਜਾ ਸਕੇ ਤੇ ਇਹ ਸੱਭ ਇਨ੍ਹਾਂ 300 ਫਾਰਮੇਸੀਜ਼ ਰਾਹੀਂ ਕੀਤਾ ਜਾ ਸਕੇਗਾ।

ਉਨ੍ਹਾਂ ਆਖਿਆ ਕਿ ਇਹ ਪਲੈਨ ਪੂਰੀ ਤਰ੍ਹਾਂ ਤਿਆਰ ਹੈ ਤੇ ਅਸੀਂ ਸ਼ੁੱਕਰਵਾਰ ਤੱਕ ਅਰਜ਼ੀਆਂ ਹਾਸਲ ਕਰਨ ਲੱਗ ਪਵਾਂਗੇ ਤੇ ਇਸ ਦੇ ਨਾਲ ਹੀ ਆਨਲਾਈਨ ਬੁਕਿੰਗ ਵੀ ਸ਼ੁਰੂ ਹੋ ਜਾਵੇਗੀ। ਐਸਟ੍ਰਾਜ਼ੈਨੇਕਾ ਦੀਆਂ ਇਹ ਡੋਜ਼ਾਂ ਇਸ ਮਹੀਨੇ ਦੇ ਸ਼ੁਰੂ ਵਿੱਚ ਸੀਰਮ ਇੰਸਟੀਚਿਊਟ ਆਫ ਇੰਡੀਆ ਵੱਲੋਂ ਭੇਜੀਆਂ ਗਈਆਂ ਹਨ। ਇਹ ਵੈਕਸੀਨ 2 ਅਪਰੈਲ ਨੂੰ ਐਕਸਪਾਇਰ ਹੋ ਜਾਵੇਗੀ। ਇਸ ਲਈ ਵੈਕਸੀਨ ਦੀ ਡੋਜ਼ ਲੋਕਾਂ ਨੂੰ ਦੇਣ ਦਾ ਸਮਾਂ ਬਹੁਤ ਘੱਟ ਹੈ।

## ਪੰਜਾਬ ਵਿੱਚ ਕੋਰੋਨਾ ਦੇ ਐਕਟਿਵ ਕੇਸਾਂ ਦੀ ਗਿਣਤੀ ਫਿਰ 10 ਹਜ਼ਾਰ ਤੋਂ ਟੱਪੀ

*** ਪਟਿਆਲਾ, ਲੁਧਿਆਣਾ ਵਿੱਚ 12 ਮਾਰਚ ਤੋਂ ਨਾਈਟ ਕਰਫਿਊ ਲਾਗੂ**



ਚੰਡੀਗੜ੍ਹ, 11 ਮਾਰਚ, (ਪੋਸਟ ਬਿਊਰੋ)- ਪੰਜਾਬ ਵਿੱਚਕੋਰੋਨਾ ਕੇਸਾਂ ਦੇ ਇੱਕਦਮ ਵਧਦੇ ਗ੍ਰਾਫ਼ ਨਾਲ ਚਿੰਤਾ ਦੀ ਲਹਿਰ ਫਿਰ ਪੈਦਾ ਹੋਣ ਲੱਗ ਪਈ ਹੈ। ਅੱਜ ਵੀਰਵਾਰ ਨੂੰ ਪੰਜਾਬਵਿੱਚ ਕੋਰੋਨਾ ਦੇ ਸਰਗਰਮ ਕੇਸਾਂ ਦੀ ਗਿਣਤੀ 10 ਹਜ਼ਾਰ ਤੋਂਟੱਪ ਗਈ ਤੇ ਇਸ ਦੌਰਾਨ ਪਟਿਆਲਾ ਅਤੇ ਲੁਧਿਆਣਾਵਿੱਚਨਾਈਟ ਕਰਫਿਊ ਲਾਗੂ ਕਰਦਿੱਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਪਿਛਲੇ 24 ਘੰਟੇਵਿੱਚ 1309 ਨਵੇਂ ਕੇਸਮਿਲਣ ਨਾਲ ਪੰਜਾਬ ਵਿੱਚ ਐਕਟਿਵਕੇਸਾਂ ਦੀ ਗਿਣਤੀ 10,069 ਹੋ ਗਈ ਹੈ, ਜਿਨ੍ਹਾਂਵਿੱਚੋਂ ਸਭ ਤੋਂ ਵੱਧ 1348 ਕੇਸ ਨਵਾਂਸ਼ਹਿਰਦੇ ਹਨ। ਜਲੰਧਰਵਿੱਚ 1331 ਅਤੇ ਐੱਸਏਐੱਸ ਨਗਰ (ਮੋਹਾਲੀ)ਵਿੱਚ ਇਹ ਗਿਣਤੀ 1156, ਹੁਸ਼ਿਆਰਪੁਰਵਿੱਚ 952, ਲੁਧਿਆਣਾਵਿੱਚ 915 ਅਤੇ ਪਟਿਆਲਾਵਿੱਚ 907 ਐਕਟਿਵ ਕੇਸ ਦੱਸੇ ਗਏ ਹਨ। ਸਾਰੇ ਪੰਜਾਬਵਿੱਚ 182 ਮਰੀਜ਼ਾਂ ਨੂੰ ਆਕਸੀਜਨ ਉੱਤੇ ਤੇ 20 ਗੰਭੀਰ ਮਰੀਜ਼ਾਂ ਨੂੰ ਵੈਂਟੀਲੇਟਰ ਸਪੋਰਟ ਉੱਤੇ ਰੱਖਿਆ ਗਿਆ ਹੈ।ਸਿਹਤ ਵਿਭਾਗ ਪੰਜਾਬ ਨੇ ਦੱਸਿਆ ਹੈ ਕਿ ਬੀਤੇ 24 ਘੰਟਿਆਂ ਵਿੱਚ 18 ਲੋਕਾਂ ਦੀ ਕੋਰੋਨਾ ਨਾਲ ਮੌਤ ਹੋਈ ਤੇ ਸਭ ਤੋਂ ਵੱਧ ਅਠ ਮੌਤਾਂ ਹੁਸ਼ਿਆਰਪੁਰਵਿੱਚ ਹੋਈਆਂ ਹਨ। ਜਲੰਧਰਵਿੱਚ ਪੰਜ, ਅੰਮ੍ਰਿਤਸਰ ਅਤੇ ਲੁਧਿਆਣਾਵਿੱਚ ਦੋ-ਦੋ ਅਤੇ ਪਟਿਆਲਾਵਿੱਚ ਇਕ ਮੌਤ ਹੋਈ ਹੈ। ਪੰਜਾਬਵਿੱਚ ਕੋਰੋਨਾ ਨਾਲ ਮੌਤਾਂ ਦੀ ਕੁੱਲ ਗਿਣਤੀ 5996 ਹੋ ਗਈ ਹੈ। ਸਭ ਤੋਂ ਵੱਧ 1046 ਲੋਕਾਂ ਦੀ ਮੌਤ ਲੁਧਿਆਣਾਵਿੱਚ ਹੋਈ ਤੇ ਜਲੰਧਰਵਿੱਚ 749, ਅੰਮ੍ਰਿਤਸਰਵਿੱਚ 612 ਅਤੇ ਪਟਿਆਲਾਵਿੱਚ 526 ਮੌਤਾਂ ਹੋਈਆਂ ਹਨ।

ਕੋਵਿਡ ਦੇ ਵਧਦੇ ਕੇਸਾਂਕਾਰਨ ਪਟਿਆਲਾ ਅਤੇ ਲੁਧਿਆਣਾ ਵਿੱਚਨਾਈਟ ਕਰਫਿਊ ਲਾ ਦਿੱਤਾ ਗਿਆ ਹੈ। ਜ਼ਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਕੁਮਾਰ ਅਮਿਤ ਨੇ ਪਟਿਆਲਾ ਜ਼ਿਲ੍ਹੇ ਦੀਆਂ ਹੱਦਾਂ ਵਿੱਚਕੋਰੋਨਾਫੈਲਣ ਤੋਂ ਰੋਕਣ ਲਈ ਨਾਈਟ ਕਰਫਿਊ ਲਾਉਣ ਦੇ ਹੁਕਮ ਦਿੱਤੇ ਹਨ। ਓਧਰ ਲੁਧਿਆਣਾ ਜ਼ਿਲਾ ਪ੍ਰਸ਼ਾਸ਼ਨ ਨੇ ਕਰੋਨਾ ਦੇ ਵਧਦੇ ਕੇਸਾਂ ਦੇ ਕਾਰਨ ਇਸਜ਼ਿਲੇਵਿੱਚ ਨਾਈਟ ਕਰਫਿਊ ਲਾਉਣ ਦਾ ਫ਼ੈਸਲਾ ਕਰ ਲਿਆ ਹੈ ਤੇ ਇਹ 12 ਮਾਰਚ ਤੋਂ ਲਾਗੂ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਜਲੰਧਰ, ਐਸ ਬੀ ਐੱਸ ਨਗਰ (ਨਵਾਂ ਸ਼ਹਿਰ), ਹੁਸ਼ਿਆਰਪੁਰ ਅਤੇ ਕਪੂਰਥਲਾ ਜ਼ਿਲਿਆ ਵਿਚ ਰਾਤ ਦਾ ਕਰਫਿਊ ਲਾਗੂਕੀਤਾ ਜਾ ਚੁੱਕਾ ਹੈ।

## ਮੂਲਵਾਸੀ ਆਗੂ ਖਿਲਾਫ ਟਿੱਪਣੀ ਕਰਨ ਉੱਤੇ ਫੋਰਡ ਤੋਂ ਤਿੰਨਾਂ ਵਿਰੋਧੀ ਪਾਰਟੀਆਂ ਨੇ ਮੁਆਫੀ ਦੀ ਕੀਤੀ ਮੰਗ



ਵਿਧਾਇਕ ਸੋਲ ਮਾਮਾਕਵਾ ਨੇ ਨੌਰਦਰਨ ਇੰਡੀਜੀਨਸ ਕਮਿਊਨਿਟੀ ਵਿੱਚ ਚੱਲ ਰਹੇ ਟੀਕਾਕਰਣ ਦੌਰਾਨ ਲਾਈਨ ਵਿੱਚ ਲੱਗੇ ਬਿਨਾਂ ਮੂਹਰੇ ਹੋ ਕੇ ਕੋਵਿਡ-19 ਵੈਕਸੀਨ ਦਾ ਸ਼ੌਟ ਲਿਆ।

ਟੋਰਾਂਟੋ, 11 ਮਾਰਚ (ਪੋਸਟ ਬਿਊਰੋ) : ਇੰਡੀਜੀਨਸ ਐਨਡੀਪੀ ਵਿਧਾਇਕ ਉੱਤੇ ਲਾਈਨ ਤੋੜ ਕੇ ਵੈਕਸੀਨ ਲਵਾਉਣ ਦਾ ਦੋਸ਼ ਲਾਉਣ ਦੇ ਮਾਮਲੇ ਵਿੱਚ ਓਨਟਾਰੀਓ ਦੀਆਂ ਤਿੰਨਾਂ ਵਿਰੋਧੀ ਪਾਰਟੀਆਂ ਵੱਲੋਂ ਪ੍ਰੀਮੀਅਰ ਡੱਗ ਫੋਰਡ ਤੋਂ ਮੁਆਫੀ ਮੰਗਣ ਦੀ ਮੰਗ ਕੀਤੀ ਜਾ ਰਹੀ ਹੈ।

ਵੀਰਵਾਰ ਨੂੰ ਪ੍ਰੋਵਿੰਸ਼ੀਅਲ ਵਿਧਾਨਸਭਾ ਵਿੱਚ ਬਹਿਸ ਦੌਰਾਨ ਫੋਰਡ ਵੱਲੋਂ ਕੀਤੀਆਂ ਗਈਆਂ ਇਸ ਤਰ੍ਹਾਂ ਦੀਆਂ ਟਿੱਪਣੀਆਂ ਦੀ ਐਨਡੀਪੀ, ਲਿਬਰਲ ਤੇ ਗ੍ਰੀਨ ਪਾਰਟੀ ਦੇ ਆਗੂਆਂ ਵੱਲੋਂ ਨਿਖੇਧੀ ਕੀਤੀ ਗਈ ਸੀ। ਫੋਰਡ ਨੇ ਇਹ ਦੋਸ਼ ਲਾਇਆ ਸੀ ਕਿ ਕਿਵੇਟੀਨੂੰਗ ਰਾਈਡਿੰਗ ਦੀ ਨੁਮਾਇੰਦਗੀ ਕਰਨ ਵਾਲੇ ਐਨਡੀਪੀ ਮਾਮਾਕਵਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕਮਿਊਨਿਟੀ ਆਗੂਆਂ ਵੱਲੋਂ ਪਹਿਲਾਂ ਸ਼ੌਟ ਲੈਣ ਦਾ ਸੱਦਾ ਦਿੱਤਾ ਗਿਆ ਸੀ ਤਾਂ ਕਿ ਓਨਟਾਰੀਓ ਵਿੱਚ ਰਹਿਣ ਵਾਲੇ ਮੂਲਵਾਸੀ ਲੋਕਾਂ ਵਿੱਚ ਵੈਕਸੀਨ ਨੂੰ ਲੈ ਕੇ ਜਿਹੜੀ ਝਿਜਕ ਬਣੀ ਹੋਈ ਹੈ ਉਹ ਖਤਮ ਹੋ ਸਕੇ।ਦੂਜੇ ਪਾਸੇ ਫੋਰਡ ਨੇ ਆਖਿਆ ਕਿ ਉਨ੍ਹਾਂ ਨਾਲ ਕੁੱਝ ਮੂਲਵਾਸੀ ਆਗੂਆਂ ਨੇ ਸੰਪਰਕ ਕਰਕੇ ਇਹ ਸ਼ਿਕਾਇਤ ਕੀਤੀ ਸੀ ਕਿ ਮਾਮਾਕਵਾ ਦੇ ਇਸ ਤਰ੍ਹਾਂ ਪਹਿਲਾਂ ਸ਼ੌਟ ਲੈਣ ਕਾਰਨ ਉਹ ਪਰੇਸ਼ਾਨ ਹਨ। ਪਰ ਫੋਰਡ ਨੇ ਉਨ੍ਹਾਂ ਮੂਲਵਾਸੀ ਆਗੂਆਂ ਦੇ ਨਾਂ ਨਹੀਂ ਦੱਸੇ।

ਮਾਮਾਕਵਾ ਨੇ ਆਖਿਆ ਕਿ ਮੂਲਵਾਸੀ ਆਗੂਆਂ ਨੇ ਉਨ੍ਹਾਂ ਕੋਲ ਕੋਈ ਸ਼ਿਕਾਇਤ ਨਹੀਂ ਕੀਤੀ ਤੇ ਉਨ੍ਹਾਂ ਫੋਰਡ ਦੀਆਂ ਟਿੱਪਣੀਆਂ ਨੂੰ ਅਪਮਾਨਜਨਕ ਦੱਸਿਆ।

## ਚੋਣ ਕਮਿਸ਼ਨ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਝਟਕਾ

*** ਚੋਣਾਂ ਵਾਲੇ ਰਾਜਾਂ ਵਿੱਚ ਕੋਵਿਡ ਸਰਟੀਫਿਕੇਟਾਂ ਤੋਂ ਫੋਟੋ ਲਾਹੁਣੀ ਪਈ**

ਨਵੀਂ ਦਿੱਲੀ, 11 ਮਾਰਚ, (ਪੋਸਟ ਬਿਊਰੋ)- ਭਾਰਤ ਦੇ ਚੋਣ ਕਮਿਸ਼ਨ ਨੇ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਜਾਣ ਵਾਲੇ ਕੋਵਿਡ ਸਰਟੀਫਿਕੇਟਾਂ ਦੇ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਝਟਕਾ ਦਿੱਤਾ ਹੈ। ਇਸ ਦੇ ਬਾਅਦ ਕੇਂਦਰ ਦੇ ਸਿਹਤ ਮੰਤਰਾਲੇ ਨੇ ਕੋਵਿਡ-19 ਵਾਲੇ ਟੀਕਾ ਸਰਟੀਫ਼ਿਕੇਟਾਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੋਟੋ ਹਟਾਉਣ ਲਈ ਚੋਣਾਂ ਵਾਲੇ ਪੰਜ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਕੋ-ਵਿਨ ਮੰਚ ਉੱਤੇ ਫ਼ਿਲਟਰ ਦੀ ਵਰਤੋਂ ਕੀਤੀ ਹੈ।

ਇਸ ਸੰਬੰਧ ਵਿੱਚ ਚੋਣ ਕਮਿਸ਼ਨ ਨੂੰ 9 ਮਾਰਚ ਨੂੰ ਲਿਖੀ ਚਿੱਠੀ ਵਿੱਚ ਕੇਂਦਰੀ ਸਿਹਤ ਸੈਕਟਰੀ ਰਾਜੇਸ਼ ਭੂਸ਼ਣ ਨੇ ਕਿਹਾ ਹੈ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਦੇ ਤਕਨੀਕੀ ਢੰਗ ਤੇਜ਼ੀ ਨਾਲ ਲੱਭੇ ਗਏ ਹਨ ਤੇ ਚਾਰ ਰਾਜਾਂ ਆਸਾਮ, ਕੇਰਲ, ਤਾਮਿਲ ਨਾਡੂ, ਪੱਛਮੀ ਬੰਗਾਲ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਪੁੱਡੂਚੇਰੀਵਿੱਚਕੋਵਿਡ ਟੀਕਾਕਰਨ ਕੇਂਦਰਾਂ ਲਈ ਕੋਵਿਨਵਿੱਚ 'ਜ਼ਰੂਰੀ ਫ਼ਿਲਟਰਾਂ' ਦੀ ਵਰਤੋਂ ਕੀਤੀ ਗਈ ਹੈ। ਚੋਣ ਕਮਿਸ਼ਨ ਨੇ ਤ੍ਰਿਣਮੂਲ ਕਾਂਗਰਸ ਵੱਲੋਂ ਆਈ ਸ਼ਿਕਾਇਤ ਤੋਂ ਬਾਅਦ ਸਿਹਤ ਮੰਤਰਾਲੇ ਨੂੰ ਆਦਰਸ਼ ਚੋਣ ਜ਼ਾਬਤੇ ਦੀ ਪਾਲਣਾ ਕਰਨ ਲਈ ਚੋਣਾਂ ਵਾਲੇ ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਪੁੱਡੂਚੇਰੀਵਿੱਚ ਲੋਕਾਂ ਨੂੰ ਦਿੱਤੇ ਜਾਂਦੇ ਕੋਵਿਡ-19 ਸਰਟੀਫ਼ਿਕੇਟਾਂਤੋਂ ਪ੍ਰਧਾਨ ਮੰਤਰੀ ਦੀ ਤਸਵੀਰ ਹਟਾਉਣ ਲਈ ਕੋਵਿਨ ਮੰਚ ਉੱਤੇ ਫ਼ਿਲਟਰਾਂ ਦੀ ਵਰਤੋਂ ਕਰਨ ਨੂੰ ਕਿਹਾ ਸੀ। ਚੋਣ ਕਮਿਸ਼ਨ ਨੇ ਚਾਰ ਸੰਬੰਧਤ ਰਾਜਾਂ ਤੇ ਇੱਕ ਕੇਂਦਰੀ ਸ਼ਾਸਤ ਪ੍ਰਦੇਸ਼ ਲਈ 26 ਫ਼ਰਵਰੀ ਨੂੰ ਵਿਧਾਨ ਸਭਾ ਚੋਣਾਂ ਦੇ ਪ੍ਰੋਗਰਾਮ ਦਾ ਐਲਾਨ ਕਰਨ ਮਗਰੋਂ ਆਸਾਮ, ਪੱਛਮੀ ਬੰਗਾਲ, ਤਾਮਿਲ ਨਾਡੂ, ਕੇਰਲ ਤੇ ਪੁੱਡੂਚੇਰੀਵਿੱਚ ਆਦਰਸ਼ ਚੋਣ ਜ਼ਾਬਤਾ ਲਾਗੂਕਰ ਦਿੱਤਾ ਸੀ। ਉਸ ਦੇ ਬਾਅਦ ਤ੍ਰਿਣਮੂਲ ਕਾਂਗਰਸ ਆਗੂ ਡੈਰੇਕ ਓ'ਬ੍ਰਾਇਨ ਨੇ ਸ਼ਿਕਾਇਤ ਕੀਤੀ ਸੀ ਕਿ ਕੋਵਿਡ-19 ਵਾਲੇ ਸਰਟੀਫ਼ਿਕੇਟਾਂ ਉੱਤੇ ਪ੍ਰਧਾਨ ਮੰਤਰੀ ਦੀ ਤਸਵੀਰ ਲਾਏ ਜਾਣਾ ਚੋਣ ਜ਼ਾਬਤੇ ਦੀ ਉਲੰਘਣਾ ਹੈ। ਉਨ੍ਹਾਂ ਟਵੀਟ ਕਰ ਕੇ ਕਿਹਾ ਸੀ ਕਿ ਚੋਣ-ਤਰੀਕਾਂ ਦਾ ਐਲਾਨ ਹੋਣ ਪਿੱਛੋਂ ਵੀ ਨਰਿੰਦਰ ਮੋਦੀ ਦੀ ਫੋਟੋ ਕੋਵਿਡ-19 ਦੇ ਸਰਟੀਫਿਕੇਟਾਂ ਉੱਤੇ ਵਿਖਾਈ ਦੇ ਰਹੀ ਹੈ, ਜਿਹੜੀ ਕੋਡ ਆਫ ਕੰਡਕਟ ਦਾ ਉਲੰਘਣ ਹੈ।ਚੋਣ ਕਮਿਸ਼ਨ ਨੇ ਇਸ ਸ਼ਿਕਾਇਤ ਉੱਤੇ ਅਮਲ ਕੀਤਾ ਹੈ।

## ਭਾਜਪਾ ਖਿਲਾਫ਼ 5 ਰਾਜਾਂ ਵਿੱਚ ਪ੍ਰਚਾਰ ਕਰਨ ਲਈ ਕਿਸਾਨ ਜੱਥੇ ਦਿੱਲੀ ਤੋਂ ਰਵਾਨਾ



ਚੰਡੀਗੜ੍ਹ, 11 ਮਾਰਚ, (ਪੋਸਟ ਬਿਊਰੋ)- ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਚੰਡੀਗੜ੍ਹ ਵਿੱਚ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਕਿਸਾਨ ਮੋਰਚਾ ਅੱਜ ਭਾਰਤ ਕੀ, ਦੁਨੀਆ ਦੇ ਇਤਿਹਾਸ ਦਾ ਇਕ ਇਤਿਹਾਸਕ ਮੋਰਚਾ ਬਣ ਗਿਆ। ਉਨ੍ਹਾਂ ਕਿਹਾ ਕਿ ਅਗਲੇ ਦਿਨੀਂ 5 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਨ੍ਹਾਂ ਰਾਜਾਂ ਦੇ ਕਿਸਾਨਾਂ ਨੂੰ ਭਾਜਪਾ ਨੂੰ ਵੋਟਾਂ ਨਾ ਪਾਉਣ ਲਈ ਪ੍ਰੇਰਿਤ ਕਰਨ ਵਾਸਤੇ ਪ੍ਰਚਾਰ ਕੀਤਾ ਜਾਵੇਗਾ ਤੇ ਇਸ ਮਕਸਦ ਲਈ ਕੋਲਕਾਤਾ ਦੇ ਸਾਰੇ 294 ਚੋਣ ਹਲਕਿਆਂ ਵਿੱਚ 294 ਗੱਡੀਆਂ ਪ੍ਰਚਾਰ ਲਈ ਰਵਾਨਾ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਸ ਕੰਮ ਲਈ ਪੰਜਾਂ ਰਾਜਾਂ ਨੂੰ ਕਿਸਾਨ ਜਥੇ ਤੋਰ ਦਿੱਤੇ ਗਏ ਹਨ, ਜਿਹੜੇ ਜਾਂਦੇ ਸਾਰ ਕੰਮ ਸ਼ੁਰੂ ਕਰ ਦੇਣਗੇ।

ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਅਸੀਂ ਮੁਲਾਜ਼ਮ ਆਗੂਆਂ ਨਾਲ ਮੀਟਿੰਗ ਕਰਕੇ ਨਿੱਜੀਕਰਨ ਦਾ ਵਿਰੋਧ ਕਰਨ ਲਈ ਇੱਕ ਸਾਂਝਾ ਮੋਰਚਾ ਬਣਾ ਰਹੇ ਹਾਂ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਨੇ ਚਾਰ ਵਿਭਾਗ ਛੱਡ ਕੇ ਬਾਕੀ ਸਾਰੇ ਵਿਭਾਗਾਂ ਦਾ ਨਿੱਜੀਕਰਨ ਕਰਨ ਦੀ ਤਿਆਰੀ ਕੀਤੀ ਹੋਈ ਹੈ ਅਤੇ ਨਿੱਜੀਕਰਨ ਹੋਣ ਦੇ ਨਾਲ ਆਮ ਜਨਤਾ ਨੂੰ ਵੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ, ਇਸ ਲਈ ਆਮ ਲੋਕਾਂ ਨੂੰ ਇਸ ਦੇ ਖਿਲਾਫ਼ ਸੜਕਾਂ ਉੱਤੇ ਆਉਣ ਦਾ ਸੱਦਾ ਦਿੱਤਾ ਜਾ ਰਿਹਾ ਹੈ ਅਤੇ ਅਗਲੇ ਦਿਨੀਂ ਕਿਸਾਨਾਂ ਨਾਲ ਆਮ ਲੋਕ ਵੀ ਮੈਦਾਨ ਵਿੱਚ ਹੋਣਗੇ। ਇਸ ਮੌਕੇ ਕਿਸਾਨ ਆਗੂ ਮਨਜੀਤ ਸਿੰਘ ਨੇ ਕਿਹਾ ਕਿ ਦਿੱਲੀਤੋਂ ਚੱਲ ਰਿਹਾ ਕਿਸਾਨ ਅੰਦੋਲਨ ਸਿਰਫ਼ ਕਿਸਾਨਾਂ ਦੀ ਲੜਾਈ ਨਹੀਂ, ਹਰ ਵਰਗ ਦੀ ਲੜਾਈ ਹੈ ਤੇ ਇਸ ਦੇਸ਼ ਦੀ ਆਜ਼ਾਦੀ ਦੀ ਲੜਾਈ ਵਾਂਗ ਇਸ ਲੜਾਈ ਵਿਚ ਵੀ ਸਭ ਲੋਕਾਂ ਦੀ ਇਕਜੁੱਟਤਾ ਦੀ ਲੋੜ ਹੈ। ਉਨ੍ਹਾ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਕਿ ਹੈ ਕਿਸੇ ਕਾਨੂੰਨ ਵਿਰੁੱਧ ਦੇਸ਼ ਵਿਚ ਐਨਾ ਵੱਡਾ ਅੰਦੋਲਨ ਸ਼ੁਰੂ ਹੋਇਆ ਹੋਵੇ। ਮਨਜੀਤ ਸਿੰਘ ਨੇ ਕਿਹਾ ਕਿ ਕਿਸਾਨ ਪੂਰੀ ਤਰ੍ਹਾਂ ਬੁਲੰਦ ਹੌਸਲੇ ਵਿੱਚ ਹਨ ਤੇਉਹ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਵਾ ਕੇ ਹੀ ਘਰਾਂ ਨੂੰ ਪਰਤਣਗੇ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936



# ਸੰਪਾਦਕੀ

## ਕੰਧ ਉੱਤੇ ਲਿਖਿਆ ਪੜ੍ਹਨ ਪ੍ਰਧਾਨ ਮੰਤਰੀ

'ਤਬਦੀਲੀ ਲਿਆਉਣ ਦੀ ਲੋੜ ਹੈ, ਤਬਦੀਲੀ ਦਾ ਵਾਪਰਨਾ ਲਾਜ਼ਮੀ ਹੈ, must ਹੈ ਭਾਵ ਹੋਰ ਕੋਈ ਚਾਰਾ ਨਹੀਂ ਹੈ ਅਤੇ ਤਬਦੀਲੀ ਨੂੰ ਲਿਆਂਦਾ ਜਾਵੇਗਾ' ਇਹ ਸ਼ਬਦ ਐਕਟਿੰਗ ਚੀਫ਼ ਆਫ ਡੀਫੈਂਸ ਸਟਾਫ ਲੈਫਟੀਨੈਂਟ ਜਨਰਲ ਵੇਅਨ ਆਈਰ ਦੇ ਹਨ। ਜਨਰਲ ਆਈਰ ਨੂੰ ਉਸ ਵੇਲੇ ਅਪਾਤਕਾਲੀਨ ਸਥਿਤੀ ਵਿੱਚ ਅਸਥਾਈ ਰੂਪ ਵਿੱਚ ਨਿਯੁਕਤ ਕੀਤਾ ਗਿਆ ਹੈ ਜਦੋਂ ਸਰਕਾਰ ਨੂੰ ਦੋ ਸਾਬਕਾ ਮਿਲਟਰੀ ਮੁਖੀਆਂ ਵਿਰੁੱਧ ਸੈਕਸੁਅਲ ਦੁਰਵਿਵਹਾਰ ਦੇ ਦੋਸ਼ਾਂ ਦੀ ਜਾਂਚ ਕਰਨ ਦੀ ਮਜ਼ਬੂਰੀ ਬਣੀ ਹੋਈ ਹੈ। ਇੱਕ ਅਸਥਾਈ ਜਰਨੈਲ ਜੱਥੇਬੰਦਕ ਪੱਧਰ ਉੱਤੇ ਫੈਲੀ ਅਰਾਜਕਤਾ ਲਈ ਤਬਦੀਲੀ ਨੂੰ ਕਿਸ ਹੱਦ ਤੱਕ ਸਰਅੰਜ਼ਾਮ ਦੇ ਸਕੇਗਾ, ਇਹ ਨਿਰਭਰ ਕਰਦਾ ਹੈ ਕਿ ਸਮੇਂ ਦੀ ਸਿਆਸੀ ਸੱਤਾ ਦੇ ਮਾਲਕ ਉਸਨੂੰ ਕਿੰਨੀ ਕੁ ਅਥਾਰਟੀ ਬਖਸ਼ਣਗੇ? ਇਸ ਅਥਾਰਟੀ ਦਾ ਬਖਸ਼ਿਆ ਜਾਣਾ ਇਸ ਗੱਲ ਉੱਤੇ ਨਿਰਭਰ ਕਰੇਗਾ ਕਿ ਸਿਆਸੀ ਲੀਡਰਸ਼ਿੱਪ ਆਪਣੇ ਖੁਦ ਦੇ ਗੁਣਾਂ ਅਵਗੁਣਾਂ ਵੱਲ ਕਿਸ ਹੱਦ ਤੱਕ ਅੰਤਰ ਝਾਤ ਮਾਰਨ ਦਾ ਹੀਆ ਰੱਖਦੀ ਹੈ।

ਜੇ ਸਾਨੂੰ ਇਹ ਭਰਮ ਭੁਲੇਖਾ ਹੋਵੇ ਕਿ ਬਣਦੀ ਤਬਦੀਲੀ ਲੈਫਟੀਨੈਂਟ ਜਰਨਲ ਫਰਾਂਸੈਸ ਐਲਨ ਨੂੰ ਕੈਨੇਡਾ ਦੀ ਪਹਿਲੀ ਮਹਿਲਾ ਮਿਲਟਰੀ ਡਿਪਟੀ ਕਮਾਂਡਰ ਬਣਾ ਕੇ ਖੁਦ ਬ ਖੁਦ ਆ ਜਾਵੇਗੀ ਤਾਂ ਇਹ ਭਰਮ ਭੁਲੇਖਾ ਬਣੇ ਰਹਿਣ ਦੀ ਹੀ ਸੰਭਾਵਨਾ ਹੈ। ਬੇਸ਼ੱਕ ਕਿਸੇ ਮਹਿਲਾ ਦਾ ਇਸ ਅਹਿਮ ਅਹੁਦੇ ਉੱਤੇ ਨਿਯਕੁਤ ਕੀਤਾ ਜਾਣਾ ਬਹੁਤ ਮਹੱਤਵਪੂਰਣ ਅਤੇ ਸੁਆਗਤਯੋਗ ਕਦਮ ਹੈ ਪਰ ਗੱਲ ਨਤੀਜਿਆਂ ਦੀ ਹੈ। ਖਾਸ ਕਰਕੇ ਕੈਨੇਡੀਅਨ ਆਰਮਡ ਫੋਰਸਜ਼ ਵਿੱਚ ਫੈਲੀ ਸੈਕਸੁਅਲ ਦੁਰਵਿਵਹਾਰ ਅਰਾਜਕਤਾ ਦੇ ਪਰੀਪੇਖ ਵਿੱਚ ਮਿਲਣ ਵਾਲੇ ਨਤੀਜਿਆਂ ਦੀ।

ਕੈਨੇਡੀਅਨ ਮਿਲਟਰੀ ਦੇ ਦੋ ਸਾਬਕਾ ਮੁਖੀ ਐਡਮਿਰਲ ਆਰਟ ਮੈਕਡੋਨਲਡ ਅਤੇ ਜਨਰਲ ਜੋਨਾਥਨ ਵੈਂਸ ਵਿਰੁੱਧ ਸੈਕਸੁਅਲ ਦੁਰਵਿਵਹਾਰ ਦੀ ਜਾਂਚ ਇਸ਼ਾਰਾ ਹੈ ਕਿ ਸਥਿਤੀ ਕਿੰਨੀ ਖਰਾਬ ਹੈ। ਵੱਖ ਵੱਖ ਸ੍ਰੋਤਾਂ ਦੁਆਰਾ ਰਾਹੀਂ Access to Information Act ਦੁਆਰਾ ਪ੍ਰਾਪਤ ਕੀਤੀ ਜਾਣਕਾਰੀ ਮੁਤਾਬਕ ਪਿਛਲੇ 11 ਸਾਲਾਂ ਵਿੱਚ ਮਿਲਟਰੀ ਪੁਲੀਸ ਨੂੰ ਹਰ ਸਾਲ ਔਸਤਨ 178 ਸੈਕਸੁਅਲ ਦੁਰਵਿਵਹਾਰ ਦੀਆਂ ਲਿਖਤੀ ਸ਼ਿਕਾਇਤਾਂ ਮਿਲਦੀਆਂ ਆਈਆਂ ਹਨ। 2012 ਵਿੱਚ ਕਰਵਾਏ ਗਏ ਇੱਕ ਸਰਵੇਖਣ ਮੁਤਾਬਕ ਕੈਨੇਡੀਅਨ ਫੌਜਾਂ ਵਿੱਚ ਸੱਭ ਤੋਂ ਵੱਧ ਸੈਕਸੁਆਲ ਦੁਰਵਿਵਹਾਰ ਦਾ ਸ਼ਿਕਾਰ ਔਰਤਾਂ, ਘੱਟ ਗਿਣਤੀ ਲੋਕ ਅਤੇ ਮੂਲਵਾਸੀ ਹੁੰਦੇ ਹਨ। ਰਿਪੋਰਟਾਂ ਹਨ ਕਿ ਕੈਨੇਡੀਅਨ ਮਿਲਟਰੀ ਵਿੱਚ ਹਰ 13ਵੀਂ ਮਹਿਲਾ ਕਰਮਚਾਰੀ ਜਾਂ ਅਫ਼ਸਰ ਨੂੰ ਸੈਕਸੁਅਲ ਦੁਰਵਿਵਹਾਰ ਦਾ ਸਾਹਮਣਾ ਕਰਨਾ ਪੈਂਦਾ ਹੈ। 2019 ਵਿੱਚ ਕੈਨੇਡਾ ਦੇ ਅੰਕੜਾ ਵਿਭਾਗ ਵੱਲੋਂ ਰੀਲੀਜ਼ ਕੀਤੀ ਗਈ ਜਾਣਕਾਰੀ ਮੁਤਾਬਕ ਰੋਆਇਲ ਮਿਲਟਰੀ ਕਾਲਜ ਆਫ਼ ਕੈਨੇਡਾ (ਕਿੰਗਸਟਨ) ਅਤੇ ਰੋਆਇਲ ਮਿਲਟਰੀ ਕਾਲਜ ਸੇਂਟ ਜੌਨ (ਕਿਉਬਿੱਕ) ਵਿੱਚ 68% ਕੈਡਟਾਂ ਨੇ ਕਿਸੇ ਹੋਰ ਨਾਲ ਸੈਕਸੁਅਲ ਦੁਰਵਿਵਹਾਰ ਹੁੰਦਾ ਵੇਖਿਆ ਹੈ ਜਾਂ ਖੁਦ ਹੰਢਾਇਆ ਹੈ। ਇਹਨਾਂ ਮਿਲਟਰੀ ਕਾਲਜਾਂ ਵਿੱਚ ਮਹਿਲਾਵਾਂ ਨੂੰ ਮਰਦਾਂ ਦੇ ਮੁਕਾਬਲੇ ਛੇ ਗੁਣਾ ਜ਼ਿਆਦਾ ਦੁਰਵਿਵਹਾਰ ਸਹਿਣਾ ਪੈਂਦਾ ਹੈ। ਇਹ ਸਰਕਾਰੀ ਅੰਕੜੇ ਹਨ ਜਿਹਨਾਂ ਬਾਰੇ ਕਿਸੇ ਨੂੰ ਸ਼ੰਕੇ ਨਹੀਂ ਹੋ ਸਕਦੇ। ਜੇ ਸ਼ੰਕੇ ਹਨ ਤਾਂ ਉਸ ਸਿਆਸੀ ਸੱਤਾ ਉੱਤੇ ਜੋ ਇਸ ਬਿਮਾਰੀ ਨੂੰ ਦੂਰ ਕਰਨ ਨਾਲੋਂ ਰੱਦੀ ਦੀ ਟੋਕਰੀ ਵਿੱਚ ਸੁੱਟ ਨੂੰ ਤਰਜੀਹ ਦੇ ਰਹੀ ਹੈ।

ਸਿਆਸੀ ਸੱਤਾ ਵਿੱਚ ਦੋ ਵੱਡੀਆਂ ਤਾਕਤਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਖੁਦ ਅਤੇ ਉਹਨਾਂ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਹਨ। ਇਹ ਕਹਿਣਾ ਗਲਤ ਹੋਵੇਗਾ ਕਿ ਮਿਲਟਰੀ ਵਿੱਚ ਫੈਲੀ ਇਸ ਅਲਾਮਤ ਲਈ ਇਹ ਦੋਵੇਂ ਸਖਸ਼ਿਅਤਾਂ ਖੁਦ ਜੁੰਮੇਵਾਰ ਹਨ ਕਿਉਂਕਿ ਇਹ ਬਿਮਾਰੀ ਦੀ ਜੜ੍ਹ ਡੂੰਘੀ ਅਤੇ ਇਤਿਹਾਸ ਲੰਬਾ ਹੈ। ਪਰ ਇਹ ਦੋਵੇਂ ਹਸਤੀਆਂ ਅੱਜ ਇਸ ਸਥਿਤੀ ਵਿੱਚ ਜਰੂਰ ਹਨ ਕਿ 'ਤੂੰ ਮੇਰਾ ਬਾਈ ਮੈਂ ਤੇਰਾ ਬਾਈ' ਦੀ ਖੇਡ ਨੂੰ ਛੱਡ ਕੇ ਕੁੱਝ ਸਾਰਥਕ ਕਦਮ ਚੁੱਕਣ।

ਇਹ ਗੱਲ ਹੈਰਾਨ ਅਤੇ ਪਰੇਸ਼ਾਨ ਕਰਨ ਵਾਲੀ ਹੈ ਕਿ ਸਾਬਕਾ ਮੁਖੀ ਵੈਂਸ ਦੇ ਦੁਰਵਿਵਹਾਰ ਬਾਰੇ ਹਰਜੀਤ ਸਿੰਘ ਸੱਜਣ ਹੋਰਾਂ ਨੂੰ 2018 ਤੋਂ ਹੀ ਪਤਾ ਸੀ ਜਿਸਦੀ ਪੁਸ਼ਟੀ ਮਿਲਟਰੀ ਦੇ ਸਾਬਕਾ ਓਮਬਡਸਮੈਨ ਗੈਰੀ ਵਾਲਬੌਰਨ ਨੇ ਹਾਊਸ ਆਫ਼ ਕਾਮਨਜ਼ ਦੀ ਕਮੇਟੀ ਸਾਹਮਣੇ ਬਿਆਨ ਵਿੱਚ ਕੀਤੀ। ਉਸਨੇ ਕਿਹਾ ਕਿ ਮੈਂ ਨਿੱਜੀ ਰੂਪ ਵਿੱਚ ਸਾਰਾ ਕੁੱਝ ਸੱਜਣ ਹੋਰਾਂ ਨੂੰ ਦੱਸਿਆ ਪਰ ਕੋਈ ਕਦਮ ਨਹੀਂ ਚੁੱਕਿਆ ਗਿਆ। ਇਸਤੋਂ ਵੀ ਵੱਧ ਪਰੇਸ਼ਾਨ ਕਰਨ ਵਾਲੀ ਗੱਲ ਪ੍ਰਧਾਨ ਮੰਤਰੀ ਟਰੂਡੋ ਖੁਦ ਹਨ ਜਿਹਨਾਂ ਨੇ ਬੇਬਾਕ ਹੋ ਕੇ ਬਿਆਨ ਦਿੱਤਾ ਹੈ ਕਿ ਰੱਖਿਆ ਮੰਤਰੀ ਦੀ ਕਾਰਜਸ਼ੈਲੀ ਵਿੱਚ ਉਹਨਾਂ ਦਾ ਭਰੋਸਾ ਉਵੇਂ ਹੀ ਕਾਇਮ ਹੈ ਜਿਵੇਂ ਪਹਿਲਾਂ ਸੀ। ਇਸ ਉਸ ਪ੍ਰਧਾਨ ਮੰਤਰੀ ਦਾ ਭਰੋਸਾ ਹੈ ਜੋ ਇੱਕ ਪੱਤਰਕਾਰ ਕੁੜੀ ਨਾਲ ਹੋਏ ਦੁਰਵਿਹਾਰ ਦੀ ਦੋਸ਼ ਨੂੰ ਇੰਝ ਭੁੱਲੇ ਹੋਏ ਹਨ ਜਿਵੇਂ ਗਰੀਬ ਆਦਮੀ ਕਰਜ਼ਾ ਲੈਣ ਲਈ ਲਾਏ ਗਏ ਅੰਗੂਠੇ ਨੂੰ ਭੁੱਲਣਾ ਚਾਹੁੰਦਾ ਹੈ। ਪਰ ਟਰੂਡੋ ਹੋਰਾਂ ਦੀ ਯਾਦਸ਼ਕਤੀ ਉਸ ਵੇਲੇ ਬਹੁਤ ਤੇਜ਼ ਹੁੰਦੀ ਹੈ ਜਦੋਂ ਉਹਨਾਂ ਨੇ ਆਪਣੇ ਸਿਆਸੀ ਕੈਰੀਅਰ ਨੂੰ ਬਚਾ ਕੇ ਰੱਖਣ ਲਈ ਦੋ ਲਿਬਰਲ ਐਮ ਪੀਆਂ ਨੂੰ ਗੁੱਠੇ ਲਾਉਣ ਦੀ ਲੋੜ ਸਮਝੀ ਸੀ। ਦਰਸ਼ਨ ਸਿੰਘ ਕੰਗ ਹੋਰਾਂ ਦਾ ਕੀ ਬਣਿਆ? ਕੀ ਉਹ ਦੋਸ਼ੀ ਸਨ ਜਾਂ ਮਹਿਜ਼ ਟਰੂਡੋ ਹੋਰਾਂ ਦੇ 'ਔਰਤਾਂ ਦੇ ਹੱਕਾਂ ਦੀ ਰਖਵਾਲੀ' ਲਈ ਜੰਗਜੂ ਬਿਆਨਬਾਜ਼ੀ ਦਾ ਸ਼ਿਕਾਰ? ਜੋਡੀ ਵਿਲਸਨ ਰੇਅਬੂਲਡ ਅਤੇ ਜੇਨ ਫਿਲਪੌਟ ਦਾ ਕਿੱਸਾ ਟਰੂਡੋ ਹੋਰਾਂ ਤੋਂ ਇਲਾਵਾ ਹੋਰ ਕਿੰਨੇ ਕੁ ਕੈਨੇਡੀਅਨਾਂ ਨੂੰ ਭੁੱਲਿਆ ਹੈ?

2015 ਵਿੱਚ 'ਔਰਤਾਂ ਦੇ ਹੱਕਾਂ ਲਈ ਨਾਅਰਾ' ਮਾਰ ਕੇ ਸੱਤਾ ਵਿੱਚ ਆਉਣ ਵਾਲੇ ਪ੍ਰਧਾਨ ਮੰਤਰੀ ਅਤੇ ਉਸਦੇ ਸਾਥੀਆਂ ਲਈ ਸਮਾਂ ਹੈ ਕਿ ਉਹ ਕੰਧ ਉੱਤੇ ਲਿਖਿਆ ਪੜ੍ਹਨ ਕਿ ਔਰਤਾਂ ਲਈ ਬਰਾਬਰਤਾ ਦੇ ਹੱਕ ਗੱਲਾਂ ਨਾਲ ਨਹੀਂ ਸਗੋਂ ਅਮਲਾਂ ਨਾਲ ਹੋਂਦ ਵਿੱਚ ਲਿਆਂਦੇ ਜਾ ਸਕਦੇ ਹਨ। ਅਮਲੀ ਮਨੋਧਾਰਨਾ ਧਾਰਨ ਨਾਲ ਹੀ ਟਰੂਡੋ ਹੋਰੀਂ ਲੈਫਟੀਨੈਂਟ ਜਨਰਲ ਵੇਅਨ ਆਈਰ ਅਤੇ ਲੈਫਟੀਨੈਂਟ ਜਰਨਲ ਫਰਾਂਸੈਸ ਐਲਨ ਨੂੰ ਸੁਧਾਰ ਲਿਆਉਣ ਵਿੱਚ ਸਹਾਈ ਹੋ ਸੱਕਣਗੇ। ਨਹੀਂ ਤਾਂ ਹਿੰਦੀ ਫਿਲਮਾਂ ਦਾ ਉਹ ਗੀਤ ਕਿਸ ਤੋਂ ਭੁੱਲਿਆ ਹੈ, 'ਕਸਮੇ ਵਾਅਦੇ ਪਿਆਰ ਵਫ਼ਾ ਸਭ ਬਾਤੇਂ ਹੈਂ ਬਾਤੋਂ ਕਾ ਕਯਾ'।

## ਯੂਰਪੀਅਨ ਮੁਲਕਾਂ ਦੀਆਂ ਚਿੰਤਾਵਾਂ ਦੇ ਬਾਵਜੂਦ ਟੈਮ ਤੇ ਹਾਜ਼ਦੂ ਨੇ ਐਸਟ੍ਰਾਜ਼ੈਨੇਕਾ ਵਿਚ ਪ੍ਰਗਟਾਇਆ ਪੂਰਾ ਭਰੋਸਾ

...ਪੰਨਾ 1 ਦਾ ਬਾਕੀ

ਇਸ ਦੌਰਾਨ ਸਿਹਤ ਮੰਤਰੀ ਪੈਟੀ ਹਾਜ਼ਦੂ ਨੇ ਆਖਿਆ ਕਿ ਹੈਲਥ ਕੈਨੇਡਾ ਵੱਲੋਂ ਵੈਕਸੀਨ ਦੇ ਮੁਲਾਂਕਣ ਤੋਂ ਬਾਅਦ ਉਨ੍ਹਾਂ ਨੂੰ ਇਹ ਭਰੋਸਾ ਹੈ ਕਿ ਇਸ ਵਿੱਚ ਕੋਈ ਦਿੱਕਤ ਨਹੀਂ ਹੈ। ਉਨ੍ਹਾਂ ਆਖਿਆ ਕਿ ਸਿਹਤ ਤੇ ਸੇਫਟੀ ਦੇ ਲਿਹਾਜ ਨਾਲ ਵੈਕਸੀਨ ਦੇ ਹਰੇਕ ਲੌਟ ਦਾ ਪੂਰਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤੇ ਜਿਹੜੀ ਵੈਕਸੀਨ ਸਾਨੂੰ ਕੈਨੇਡਾ ਵਿੱਚ ਹਾਸਲ ਹੋ ਰਹੀ ਹੈ ਉਸ ਵਿੱਚ ਕੋਈ ਗੜਬੜ ਨਹੀਂ ਹੈ। ਉਨ੍ਹਾਂ ਆਖਿਆ ਕਿ ਅਸੀਂ ਪ੍ਰੋਵਿੰਸਾਂ ਨਾਲ ਵੀ ਪੂਰਾ ਰਾਬਤਾ ਰੱਖ ਕੇ ਚੱਲ ਰਹੇ ਹਾਂ। ਜੇ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਆਵੇਗੀ ਤਾਂ ਉਹ ਹੈਲਥ ਕੈਨੇਡਾ ਕੋਲ ਰਿਪੋਰਟ ਕਰ ਸਕਦੇ ਹਨ।

ਇਮਿਊਨਾਈਜ਼ੇਸ਼ਨ ਬਾਰੇ ਨੈਸ਼ਨਲ ਐਡਵਾਈਜ਼ਰੀ ਕਮੇਟੀ ਵੱਲੋਂ ਇਹ ਸਿਫਾਰਸ਼ ਕੀਤੀ ਗਈ ਹੈ ਕਿ ਉਹ ਐਸਟ੍ਰਾਜ਼ੈਨੇਕਾ ਵੈਕਸੀਨ ਦੀ ਵਰਤੋਂ 65 ਸਾਲ ਜਾਂ ਇਸ ਤੋਂ ਉੱਪਰ ਦੇ ਲੋਕਾਂ ਵਿੱਚ ਨਾ ਕੀਤੀ ਜਾਵੇ। ਇਸ ਉਮਰ ਵਰਗ ਦੇ ਲੋਕਾਂ ਲਈ ਐਮਆਰਐਨਏ ਵੈਕਸੀਨਜ਼ ਕਾਰਗਰ ਸਿੱਧ ਹੋਈਆਂ ਹਨ।

## ਬਿਨਾਂ ਅਪੁਆਇੰਟਮੈਂਟ ਤੋਂ ਹੀ ਵੈਕਸੀਨੇਸ਼ਨ ਸ਼ੁਰੂ ਕਰਨ ਵਾਲੀ ਫਾਰਮੇਸੀ ਦੇ ਬਾਹਰ ਲੋਕਾਂ ਨੇ ਲਾਈਆਂ ਲਾਈਨਾਂ, ਵੈਕਸੀਨ ਮੁੱਕੀ

...ਪੰਨਾ 1 ਦਾ ਬਾਕੀ

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ 325 ਫਾਰਮੇਸੀਜ਼ ਵਿੱਚ 60 ਤੋਂ 64 ਸਾਲ ਉਮਰ ਵਰਗ ਦੇ ਲੋਕਾਂ ਨੂੰ ਇਹ ਸ਼ੌਟਸ ਲਾਏ ਜਾ ਰਹੇ ਹਨ।

ਸ਼ੌਪਰਜ਼ ਡਰੱਗ ਮਾਰਟ, ਕੌਸਕੋ, ਵਾਲਮਾਰਟ ਤੇ ਲੋਬਲਾਅ ਦੀਆ ਫਾਰਮੇਸੀਜ਼ ਵਿੱਚ ਵੀ ਇਹ ਸ਼ੌਟ ਲਾਏ ਜਾਣਗੇ। ਫਰੌਂਟੇਨੈਕ, ਲੈਨੌਕਸ ਤੇ ਐਡਿੰਗਟਨ ਵਿੱਚ ਵੀ 60 ਤੋਂ 64 ਸਾਲ ਦੇ ਲੋਕਾਂ ਨੂੰ ਵੈਕਸੀਨੇਟ ਕੀਤਾ ਜਾਵੇਗਾ। ਇੱਕ ਵਿਅਕਤੀ ਨੇ ਦੱਸਿਆ ਕਿ ਉਸ ਨੂੰ ਲੱਗ ਰਿਹਾ ਸੀ ਕਿ ਇਨ੍ਹਾਂ ਗਰਮੀਆਂ ਤੱਕ ਉਨ੍ਹਾਂ ਦੀ ਵਾਰੀ ਤਾਂ ਸ਼ਾਇਦ ਹੀ ਆਵੇ।

## ਪੂਰੀ ਤਰ੍ਹਾਂ ਵੈਕਸੀਨੇਟ ਹੋ ਚੁੱਕੇ ਅਮੈਰੀਕਨਜ਼ ਬਿਨਾਂ ਮਾਸਕ ਤੋਂ ਹੋ ਸਕਦੇ ਹਨ ਇੱਕਠੇ : ਸੀਡੀਸੀ




ਵਾਸ਼ਿੰਗਟਨ, 11 ਮਾਰਚ (ਪੋਸਟ ਬਿਊਰੋ) : ਯੂਐਸ ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ (ਸੀਡੀਸੀ) ਦਾ ਕਹਿਣਾ ਹੈ ਕਿ ਜਿਨ੍ਹਾਂ ਅਮੈਰੀਕਨਜ਼ ਦੀ ਵੈਕਸੀਨੇਸ਼ਨ ਮੁਕੰਮਲ ਹੋ ਚੁੱਕੀ ਹੈ ਉਹ ਮਾਸਕ ਪਾਏ ਬਿਨਾਂ ਜਾਂ ਸੋਸ਼ਲ ਡਿਸਟੈਂਸਿੰਗ ਦੇ ਨਿਯਮਾਂ ਦੀ ਪਰਵਾਹ ਕੀਤੇ ਬਿਨਾਂ ਇੰਡੋਰ ਵਿੱਚ ਹੋਰਨਾਂ ਲੋਕਾਂ ਨਾਲ ਮੁਲਾਕਾਤ ਕਰ ਸਕਦੇ ਹਨ।

ਨਵੇਂ ਦਿਸ਼ਾ ਨਿਰਦੇਸ਼ਾਂ ਤਹਿਤ ਇਹ ਆਖਿਆ ਗਿਆ ਹੈ ਕਿ ਕੋਵਿਡ-19 ਖਿਲਾਫ ਵੈਕਸੀਨੇਟ ਕੀਤੇ ਜਾ ਚੁੱਕੇ ਲੋਕ ਉਸੇ ਤਰ੍ਹਾਂ ਇੱਕਠੇ ਹੋ ਸਕਦੇ ਹਨ ਜਿਵੇਂ ਕਿ ਹੋਰ ਘੱਟ ਰਿਸਕ ਵਾਲੇ ਲੋਕ ਇੱਕਠੇ ਹੋ ਸਕਦੇ ਹਨ। ਇਸ ਤੋਂ ਭਾਵ ਹੈ ਕਿ ਉਹ ਗ੍ਰੈਂਡਪੇਰੈਂਟਸ ਜਿਨ੍ਹਾਂ ਦਾ ਟੀਕਾਕਰਣ ਮੁਕੰਮਲ ਹੋ ਗਿਆ ਹੈ ਉਹ ਆਪਣੇ ਸਿਹਤਮੰਦ ਐਡਲਟ ਬੱਚਿਆਂ ਤੇ ਤੰਦਰੁਸਤ ਗ੍ਰੈਂਡਚਿਲਡਰਨ ਨੂੰ ਮਾਸਕ ਜਾਂ ਫਿਜ਼ੀਕਲ ਡਿਸਟੈਂਸਿੰਗ ਦੀ ਪਰਵਾਹ ਨਾ ਕਰਦਿਆਂ ਹੋਇਆਂ ਮਿਲ ਸਕਦੇ ਹਨ। ਸੀਡੀਸੀ ਨੇ ਇਹ ਵੀ ਆਖਿਆ ਕਿ ਇਸ ਤਰ੍ਹਾਂ ਦਾ ਦੌਰਾ ਇੱਕ ਘਰ ਤੱਕ ਹੀ ਸੀਮਤ ਰਹਿਣਾ ਚਾਹੀਦਾ ਹੈ।

ਇਸ ਤਰ੍ਹਾਂ ਦੀ ਮੰਗ ਲਗਾਤਾਰ ਵੱਧ ਰਹੀ ਹੈ ਤੇ ਇਹ ਦਿਸ਼ਾ ਨਿਰਦੇਸ਼ ਇਸ ਹਿਸਾਬ ਨਾਲ ਹੀ ਤਿਆਰ ਕੀਤੇ ਗਏ ਹਨ। ਬਹੁਤ ਸਾਰੇ ਬਾਲਗਾਂ ਦਾ ਟੀਕਾਕਰਣ ਮੁਕੰਮਲ ਹੋ ਚੁੱਕਿਆ ਹੈ ਤੇ ਉਹ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕੀ ਉਨ੍ਹਾਂ ਨੂੰ ਮਹਾਂਮਾਰੀ ਤੋਂ ਪਹਿਲਾਂ ਵਾਂਗ ਆਪਣੇ ਪਰਿਵਾਰਕ ਮੈਂਬਰਾਂ ਨਾਲ ਮਿਲਣ, ਸਫਰ ਕਰਨ ਜਾਂ ਹੋਰ ਕੰਮ ਕਾਜ ਕਰਨ ਦੀ ਇਜਾਜ਼ਤ ਹੈ? ਬਿਊਰੋ ਨੇ ਆਖਿਆ ਕਿ ਅਜੇ ਵੀ ਇਹ ਸੰਭਵ ਹੈ ਕਿ ਪੂਰੀ ਤਰ੍ਹਾਂ ਵੈਕਸੀਨੇਟ ਹੋ ਚੁੱਕੇ ਲੋਕਾਂ ਨੂੰ ਏਸਿੰਪਟੋਮੈਟਿਕ ਇਨਫੈਕਸ਼ਨ ਹੋ ਜਾਵੇ ਤੇ ਉਹ ਹੋਰਨਾਂ ਤੱਕ ਵੀ ਇਹ ਵਾਇਰਸ ਫੈਲਾਅ ਦੇਣ, ਇਸੇ ਲਈ ਬਿਊਰੋ ਵੱਲੋਂ ਵੈਕਸੀਨੇਸ਼ਨ ਮੁਕੰਮਲ ਕਰਵਾ ਚੁੱਕੇ ਲੋਕਾਂ ਨੂੰ ਕੁੱਝ ਅਹਿਤਿਆਤ ਵਰਤਣ ਜਿਵੇਂ ਕਿ ਫਿਜ਼ੀਕਲ ਡਿਸਟੈਂਸਿੰਗ ਤੇ ਹੈਂਡ ਹਾਈਜੀਨ ਦਾ ਖਿਆਲ ਰੱਖਣ ਲਈ ਆਖਿਆ ਜਾ ਰਿਹਾ ਹੈ।

ਸੀਡੀਸੀ ਵੱਲੋਂ ਵੈਕਸੀਨੇਸ਼ਨ ਕਰਵਾ ਚੁੱਕੇ ਲੋਕਾਂ ਨੂੰ ਇਹ ਸਲਾਹ ਵੀ ਦਿੱਤੀ ਜਾ ਰਹੀ ਹੈ ਕਿ ਜੇ ਉਨ੍ਹਾਂ ਅੰਦਰ ਕੋਵਿਡ-19 ਦੇ ਸਬੰਧ ਵਿੱਚ ਕੋਈ ਲੱਛਣ ਪੈਦਾ ਹੁੰਦੇ ਹਨ ਤਾਂ ਉਹ ਖੁਦ ਦਾ ਟੈਸਟ ਕਰਵਾਉਣ। ਇਹ ਸਿਫਾਰਿਸ਼ਾਂ ਉਸ ਸਮੇਂ ਆਈਆਂ ਹਨ ਜਦੋਂ ਸਟੇਟ ਅਧਿਕਾਰੀ ਤੇ ਕੈਨੇਡਾ ਦੀਆਂ ਪ੍ਰੋਵਿੰਸ਼ੀਅਲ ਸਰਕਾਰਾਂ ਵਾਇਰਸ ਦੇ ਮਾਮਲੇ ਘਟਣ ਤੇ ਮੌਤਾਂ ਦੀ ਗਿਣਤੀ ਘੱਟ ਹੋਣ ਤੋਂ ਬਾਅਦ ਕਾਰੋਬਾਰ ਤੇ ਸਕੂਲ ਖੋਲ੍ਹਣ ਦੀ ਤਿਆਰੀ ਕਰ ਰਹੀਆਂ ਹਨ।

ਇਸ ਦੌਰਾਨ ਫੈਡਰਲ ਹੈਲਥ ਅਧਿਕਾਰੀਆਂ ਨੇ ਐਨੀ ਜਲਦੀ ਪਾਬੰਦੀਆਂ ਹਟਾਉਣ ਉੱਤੇ ਇਤਰਾਜ਼ ਪ੍ਰਗਟਾਉਂਦਿਆਂ ਚੇਤਾਵਨੀ ਦਿੱਤੀ ਕਿ ਮਾਸਕਸ ਸਬੰਧੀ ਪਾਬੰਦੀਆਂ ਹਟਾਉਣਾ ਟੈਕਸਸ ਵਿੱਚ ਲਏ ਗਏ ਫੈਸਲੇ ਦੇ ਬਰਾਬਰ ਹੈ। ਅਧਿਕਾਰੀਆਂ ਨੇ ਦੱਸਿਆ ਕਿ ਕਿਸੇ ਵਿਅਕਤੀ ਨੂੰ ਉਸ ਸਮੇਂ ਪੂਰੀ ਤਰ੍ਹਾਂ ਵੈਕਸੀਨੇਟਿਡ ਮੰਨਿਆ ਜਾਂਦਾ ਹੈ ਜਦੋਂ ਉਸ ਨੇ ਵੈਕਸੀਨ ਦੀ ਆਖਰੀ ਡੋਜ਼ ਲੈ ਲਈ ਹੋਵੇ। ਇੱਥੇ ਦੱਸਣਾ ਬਣਦਾ ਹੈ ਕਿ 30 ਮਿਲੀਅਨ ਦੇ ਨੇੜੇ ਤੇੜੇ ਅਮੈਰੀਕਨਜ਼ ਜਾਂ ਅਮਰੀਕਾ ਦੀ ਕੁੱਲ ਆਬਾਦੀ ਦਾ 9 ਫੀ ਸਦੀ ਹਿੱਸਾ, ਪੂਰੀ ਤਰ੍ਹਾਂ ਵੈਕਸੀਨੇਟ ਕੀਤਾ ਜਾ ਚੁੱਕਿਆ ਹੈ।

Canadian ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹੈਲਥ ਕੇਅਰ ਵਰਕਰਜ਼ ਦੇ ਭੱਤਿਆਂ ਵਿੱਚ ਵਾਧਾ ਕਰਨ ਦੀ ਯੂਨੀਅਨਾਂ ਨੇ ਕੀਤੀ ਮੰਗ



ਟੋਰਾਂਟੋ, 11 ਮਾਰਚ (ਪੋਸਟ ਬਿਊਰੋ) : ਓਨਟਾਰੀਓ ਵਿੱਚ ਹੈਲਥ ਕੇਅਰ ਵਰਕਰਜ਼ ਅਜੇ ਵੀ ਆਪਣੇ ਆਪ ਨੂੰ ਕੋਵਿਡ-19 ਤੋਂ ਬਚਾਉਣ ਲਈ ਪਰਸਨਲ ਪ੍ਰੋਟੈਕਟਿਵ ਇਕਿਉਪਮੈਂਟ ਹਾਸਲ ਕਰਨ ਲਈ ਸੰਘਰਸ਼ ਕਰ ਰਹੇ ਹਨ। ਇਹ ਖੁਲਾਸਾ ਤਿੰਨ ਮੁੱਖ ਯੂਨੀਅਨਾਂ ਵੱਲੋਂ ਕੀਤਾ ਗਿਆ। ਇਸ ਦੇ ਨਾਲ ਹੀ ਇਨ੍ਹਾਂ ਯੂਨੀਅਨਾਂ ਨੇ ਮੰਗ ਕੀਤੀ ਕਿ ਮਹਾਂਮਾਰੀ ਵਿੱਚ ਇੱਕ ਵਾਰੀ ਫਿਰ ਵਾਧਾ ਹੋਣ ਕਾਰਨ ਇਨ੍ਹਾਂ ਹੈਲਥ ਕੇਅਰ ਵਰਕਰਜ਼ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

ਸਰਵਿਸ ਇੰਪਲੌਈਜ਼ ਇੰਟਰਨੈਸ਼ਨਲ ਯੂਨੀਅਨ ਦੀ ਹੈਲਥ ਕੇਅਰ ਸਹਿਯੋਗੀ ਯੂਨੀਫੌਰ ਤੇ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ ਨੂੰ ਯੂਨੀਵਰਸਲ ਵੇਜ ਵਜੋਂ ਘੰਟੇ ਦੇ 25 ਡਾਲਰ ਦੇਣ ਦੀ ਮੰਗ ਕੀਤੀ। ਇਹ ਵੀ ਆਖਿਆ ਗਿਆ ਕਿ ਇਨ੍ਹਾਂ ਵਰਕਰਜ਼ ਵੱਲੋਂ ਪ੍ਰੋਵਿੰਸ ਦੇ ਕਿਸੇ ਵੀ ਸਿਸਟਮ ਵਿੱਚ ਕੰਮ ਕੀਤਾ ਜਾਵੇ ਸਾਰਿਆਂ ਲਈ ਇੱਕੋ ਜਿਹਾ ਮਿਹਨਤਾਨਾ ਹੋਣਾ ਚਾਹੀਦਾ ਹੈ। ਇਹ ਦੋਵੇਂ ਸੁਨੇਹੇ ਪ੍ਰੋਵਿੰਸ ਪੱਧਰ ਉੱਤੇ ਸੋਮਵਾਰ ਤੋਂ ਲਾਂਚ ਕੀਤੀ ਜਾਣ ਵਾਲੀ ਜਨਤਕ ਜਾਗਰੂਕਤਾ ਮੁਹਿੰਮ ਦਾ ਹਿੱਸਾ ਹੈ। ਇਹ ਮੁਹਿੰਮ ਕੰਮ ਵਾਲੀਆਂ ਥਾਂਵਾਂ ਉੱਤੇ ਲਾਂਚ ਕੀਤੀ ਜਾਵੇਗੀ।

ਸੀਯੂਪੀਈ ਦੀ ਓਨਟਾਰੀਓ ਕਾਊਂਸਲ ਆਫ ਹਾਸਪਿਟਲ ਯੂਨੀਅਨਜ਼ ਦੇ ਸਕੱਤਰ ਖਜ਼ਾਨਾ ਨੇ ਆਖਿਆ ਕਿ ਮਹਾਂਮਾਰੀ ਦੇ ਸ਼ੁਰੂ ਵਿੱਚ ਕਈ ਵਰਕਰਜ਼ ਨੂੰ ਪੀਪੀਈ ਤੱਕ ਮੁਹੱਈਆ ਨਹੀਂ ਕਰਵਾਈ ਗਈ। ਇੰਪਲੌਇਰਜ਼ ਵੱਲੋਂ ਪੀਪੀਈ ਕਿੱਟਸ ਨੂੰ ਤਾਲੇ ਹੇਠਾਂ ਰੱਖਿਆ ਜਾਂਦਾ ਰਿਹਾ। ਸ਼ੈਰਨ ਰਿਚਰ ਨੇ ਆਖਿਆ ਕਿ ਕਈ ਮਾਮਲਿਆਂ ਵਿੱਚ ਇਹ ਰੁਝਾਨ ਅੱਜ ਵੀ ਜਾਰੀ ਹੈ। ਪ੍ਰੋਵਿੰਸ ਵੱਲੋਂ ਪੀਪੀਈ ਦੇ 12.4 ਮਿਲੀਅਨ ਪੀਸ ਹੋਣ ਦਾ ਦਾਅਵਾ ਕੀਤੇ ਜਾਣ ਦੇ ਬਾਵਜੂਦ ਕੇਅਰਗਿਵਰਜ਼ ਨੂੰ ਇਹ ਪੂਰੀ ਤਰ੍ਹਾਂ ਹਾਸਲ ਨਹੀਂ ਹੁੰਦੇ।

ਉਨ੍ਹਾਂ ਆਖਿਆ ਕਿ ਅਸੀਂ ਮੌਤ ਦੇ ਮੂੰਹ ਵਿੱਚ ਜਾ ਕੇ ਕੰਮ ਕਰਦੇ ਹਾਂ ਪਰ ਸਾਨੂੰ ਆਪਣੀ ਹੀ ਸੁਰੱਖਿਆ ਲਈ ਲੋੜੀਂਦੀਆਂ ਵਸਤਾਂ ਮੁਹੱਈਆ ਨਹੀਂ ਕਰਵਾਈਆਂ ਜਾਂਦੀਆਂ ਤੇ ਨਾ ਹੀ ਬਿਮਾਰ ਪੈਣ ਉੱਤੇ ਸਾਡੀ ਕੋਈ ਖਾਸ ਮਦਦ ਕੀਤੀ ਜਾਂਦੀ ਹੈ। ਅਸੀਂ ਇਸ ਸਰਕਾਰ ਤੇ ਇੰਪਲੌਇਰਜ਼ ਤੋਂ ਸਾਡੇ ਨਾਲ ਬਿਹਤਰ ਵਿਵਹਾਰ ਤੇ ਭੱਤਿਆਂ ਦੀ ਮੰਗ ਕਰਦੇ ਹਾਂ। ਓਨਟਾਰੀਓ ਦੇ ਸਿਹਤ ਮੰਤਰਾਲੇ ਵੱਲੋਂ ਇਸ ਸਬੰਧ ਵਿੱਚ ਕੋਈ ਟਿੱਪਣੀ ਨਹੀਂ ਕੀਤੀ ਗਈ।

## ਮਾਂ ਵੱਲੋਂ ਕੀਤੇ ਕੰਮ ਦੇ ਪੈਸੇ ਮੰਗਣ 'ਤੇ ਮਾਲਕ ਪਿਤਾ-ਪੁੱਤਰ ਨੇ ਧੀਆਂ ਨੂੰ ਕੁੱਟ ਸੁੱਟਿਆ

ਜਲੰਧਰ, 11 ਮਾਰਚ (ਪੋਸਟ ਬਿਊਰੋ)- ਥਾਣਾ ਨੰਬਰ ਸੱਤ ਦੀ ਹੱਦ ਵਿਚਲੇ ਨਿਊ ਗ੍ਰੀਨ ਮਾਡਲ ਟਾਊਨ ਵਿੱਚ ਕਾਰੋਬਾਰੀ ਪਿਓ-ਪੁੱਤਰ ਨੇ ਉਸ ਵੇਲੇ ਦੋ ਨਾਬਾਲਗ ਭੈਣਾਂ ਨੂੰ ਗਲੀ ਵਿੱਚ ਦੌੜਾ-ਦੌੜਾ ਕੇ ਕੁੱਟਿਆ, ਜਦ ਦੋਵੇਂ ਭੈਣਾਂ ਆਪਣੀ ਮਾਂ ਵੱਲੋਂ ਕੀਤੇ ਗਏ ਦੋ ਮਹੀਨੇ ਦੇ ਕੰਮ ਦੇ ਪੈਸੇ ਲੈਣ ਲਈ ਉਨ੍ਹਾਂ ਕੋਲ ਗਈਆਂ ਸਨ। ਇਹ ਘਟਨਾ ਸੀ ਸੀ ਟੀ ਵੀ ਕੈਮਰਿਆਂ ਵਿੱਚ ਆ ਗਈ, ਜੋ ਪੁਲਸ ਤੱਕ ਪਹੁੰਚੀ ਤਾਂ ਥਾਣਾ ਨੰਬਰ ਸੱਤ ਵਿੱਚ ਪਿਓ-ਪੁੱਤ ਖਿਲਾਫ ਕੇਸ ਦਰਜ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਆਸ਼ਾ ਦੇਵੀ ਨੇ ਨਿਊ ਗ੍ਰੀਨ ਮਾਡਲ ਟਾਊਨ ਦੇ ਕਾਰੋਬਾਰੀ ਅਨਿਲ ਕੁਮਾਰ ਹੈਪੀ ਦੇ ਘਰ ਦੋ ਮਹੀਨੇ ਕੰਮ ਕੀਤਾ ਸੀ, ਜਿਸ ਲਈ ਉਸ ਦੇ ਅੱਠ ਹਜ਼ਾਰ ਰੁਪਏ ਬਣੇ ਸਨ, ਪਰ ਕੋਠੀ ਮਾਲਕ ਵੱਲੋਂ ਪੈਸੇ ਨਾ ਦੇਣ ਉਤੇ ਆਸ਼ਾ ਦੇਵੀ ਨੇ ਕੰਮ ਉੱਤੇ ਜਾਣਾ ਬੰਦ ਕਰ ਦਿੱਤਾ। ਤਿੰਨ ਮਾਰਚ ਨੂੰਆਸ਼ਾ ਦੇਵੀ ਦੀਆਂ ਦੋ ਕੁੜੀਆਂ ਅਨਿਲ ਕੁਮਾਰ ਹੈਪੀ ਦੇ ਘਰ ਪੈਸੇ ਮੰਗਣ ਗਈਆਂ ਤਾਂ ਉਨ੍ਹਾਂ ਨੂੰ ਧੱਕੇ ਦੇ ਕੇ ਘਰੋਂ ਕੱਢਿਆ ਅਤੇ ਗਲੀ ਵਿੱਚ ਦੌੜਾ-ਦੌੜਾ ਕੇ ਕੁੱਟਿਆ।ਦੋਵੇਂ ਕੁੜੀਆਂ ਉਨ੍ਹਾਂ ਦੀ ਕੁੱਟਮਾਰ ਤੋਂ ਬਾਅਦ ਘਰ ਚਲੇ ਗਈਆਂ, ਪਰ ਸਾਰੀ ਘਟਨਾ ਗਲੀ ਵਿੱਚ ਲੱਗੇ ਕਿਸੇ ਸੀ ਸੀ ਟੀ ਵੀ ਕੈਮਰੇ ਵਿੱਚ ਆ ਗਈ। ਇਸ ਦਾ ਪਤਾ ਨਹੀਂ ਲੱਗਣਾ ਸੀ, ਜੇ ਉਸ ਘਰ ਦੇ ਮਾਲਕ ਨੇ ਇਸ ਸੀ ਸੀ ਟੀ ਵੀ ਫੁਟੇਜ ਦੀ ਰਿਕਾਰਡਿੰਗ ਵਾਇਰਲ ਨਾ ਕੀਤੀ ਹੁੰਦੀ।ਵਾਇਰਲ ਹੋਈ ਵੀਡੀਓ ਥਾਣਾ ਨੰਬਰ ਸੱਤ ਦੀ ਪੁਲਸ ਤੱਕ ਤਕਰੀਬਨ ਦੋ ਦਿਨ ਪਹਿਲਾਂ ਪਹੁੰਚੀ ਤਾਂਬਿਨਾਂ ਕਿਸੇ ਦੀ ਸ਼ਿਕਾਇਤ ਤੋਂ ਪੁਲਸ ਨੇ ਪਿਓ-ਪੁੱਤ ਖਿਲਾਫ ਕੇਸ ਦਰਜ ਕਰ ਦਿੱਤਾ। ਇਸ ਬਾਰੇ ਏ ਸੀ ਪੀ ਮਾਡਲ ਟਾਊਨ ਹਰਿ-ਦਰ ਸਿੰਘ ਗਿੱਲ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਪੀੜਤ ਵੱਲੋਂ ਸ਼ਿਕਾਇਤ ਨਹੀਂ ਮਿਲੀ, ਫਿਰ ਵੀ ਪੁਲਸ ਨੇ ਵੀਡੀਓ ਦੇ ਆਧਾਰ ਉੱਤੇ ਪਿਓ-ਪੁੱਤ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ।

## 14 ਸਾਲ ਪਹਿਲਾਂ ਮਾਂ ਦਾ ਕਤਲ ਕਰ ਕੇ ਭੱਜਿਆ ਪੁੱਤਰ ਗ੍ਰਿਫਤਾਰ

ਜਲੰਧਰ, 11 ਮਾਰਚ (ਪੋਸਟ ਬਿਊਰੋ)- ਇਸ ਸ਼ਹਿਰ ਦੇ ਕਾਜ਼ੀ ਮੁਹੱਲੇ ਵਿੱਚ ਕਰੀਬ 14 ਸਾਲ ਪਹਿਲਾਂ ਮਾਂ ਚੰਦਰਕਲਾ ਦੇ ਸਿਰ ਵਿੱਚ ਰਾਡ ਮਾਰ ਕੇ ਕਤਲ ਕਰਨ ਵਾਲੇ ਬੇਟੇ ਮਨੋਜ ਕੁਮਾਰ ਨੂੰ ਪੁਲਸ ਨੇ ਕੱਲ੍ਹ ਫੜ ਲਿਆ ਹੈ। ਜਦੋਂ ਮਨੋਜ ਨੇ ਮਾਂ ਦੀ ਹੱਤਿਆ ਕੀਤੀ ਸੀ, ਓਦੋਂ ਉਹ ਕਰੀਬ 17 ਸਾਲ ਦਾ ਸੀ।

ਇਸ ਵਕਤ 31 ਸਾਲ ਦਾ ਹੋ ਚੁੱਕੇ ਮਨੋਜ ਨੇ ਕਿਹਾ ਕਿ ਉਸ ਨੇ ਉਸ ਦਿਨ ਨਸ਼ਾ ਕੀਤਾ ਹੋਇਆ ਸੀ। ਮਾਂ ਨੇ ਨਸ਼ਾ ਕਰਨ ਤੋਂ ਝਿੜਕਿਆ ਤਾਂ ਗੁੱਸੇ ਵਿੱਚ ਸਿਰ ਵਿੱਚ ਰਾਡ ਮਾਰ ਦਿੱਤੀ ਸੀ। ਜਦ ਉਸ ਨੂੰ ਅੱਧੀ ਰਾਤ ਪਤਾ ਲੱਗਾ ਕਿ ਸਿਵਲ ਹਸਪਤਾਲ ਵਿੱਚ ਮਾਂ ਮਰ ਗਈ ਹੈ ਤਾਂ ਉਹ ਟ੍ਰੇਨ ਵਿੱਚ ਬੈਠ ਕੇ ਮੁੰਬਈ ਨਿਕਲ ਗਿਆ ਸੀ। ਮਨੋਜ ਨੇ ਦੱਸਿਆ ਕਿ ਇਸ ਦੇ ਬਾਅਦ ਕਰੀਬ ਸਾਢੇ 13 ਸਾਲ ਉਹ ਮੁੰਬਈ ਵਿੱਚ ਰਿਹਾ। ਛੇ ਮਹੀਨੇ ਪਹਿਲਾਂ ਮੁੰਬਈ ਤੋਂ ਮੁੜਿਆ ਤੇ ਨੰਦਨਪੁਰ ਰੋਡ ਉੱਤੇ ਉਸ ਨੇ ਇੱਕ ਦੁਕਾਨ ਕਿਰਾਏ ਉੱਤੇ ਲੈ ਕੇ ਫਾਸਟ ਫੂਡ ਵੇਚਣਾ ਸ਼ੁਰੂ ਕਰ ਦਿੱਤਾ ਸੀ।

ਏ ਸੀ ਪੀ (ਨਾਰਥ) ਸੁਖਜਿੰਦਰ ਸਿੰਘ ਨੇ ਦੱਸਿਆ ਕਿ ਕਾਜ਼ੀ ਮੁਹੱਲੇ ਦੀ ਵਸਨੀਕ ਚੰਦਰਕਲਾ ਉੱਤੇ 17 ਜੁਲਾਈ 2007 ਨੂੰ ਉਸ ਦਾ ਛੋਟਾਪੁੱਤਰ ਮਨੋਜ ਕੁਮਾਰ ਰਾਡ ਨਾਲ ਹਮਲਾ ਕਰ ਕੇ ਮਾਂ ਨੂੰ ਬੁਰੀ ਤਰ੍ਹਾਂ ਨਾਲ ਜ਼ਖਮੀ ਕਰ ਕੇ ਭੱਜ ਗਿਆ ਸੀ। ਇਹ ਸਭ ਮਨੋਜ ਦੇ ਵੱਡੇ ਭਰਾ ਰਣਜੀਤ ਨੇ ਦੇਖਿਆ ਸੀ। ਔਰਤ ਨੂੰ ਜ਼ਖਮੀ ਹਾਲਤ ਵਿੱਚ ਸਿਵਲ ਹਸਪਤਾਲ ਭਰਤੀ ਕਰਾਇਆ ਗਿਆ ਤਾਂ ਉਸ ਨੇ ਅੱਧੀ ਰਾਤ ਦਮ ਤੋੜ ਦਿੱਤਾ ਸੀ। ਥਾਣਾ ਤਿੰਨ ਦੀ ਪੁਲਸ ਨੇ ਰਣਜੀਤ ਦੇ ਬਿਆਨਉੱਤੇ ਉਸ ਦੇ ਛੋਟੇ ਭਰਾ ਮਨੋਜ ਦੇ ਖਿਲਾਫ ਕਤਲ ਦਾ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ ਅਤੇ ਮਨੋਜ ਦੀ ਤਲਾਸ਼ ਵਿੱਚ ਉਸ ਦੇ ਜੱਦੀ ਪਿੰਡ ਵੀ ਰੇਡ ਕੀਤੀ, ਪਰ ਉਹ ਨਹੀਂ ਮਿਲਿਆ ਸੀ। 18 ਮਾਰਚ 2009 ਨੂੰ ਅਦਾਲਤ ਨੇ ਮਨੋਜ ਨੂੰ ਭਗੌੜਾ ਐਲਾਨ ਕਰ ਦਿੱਤਾ ਸੀ। ਏ ਸੀ ਪੀ (ਨਾਰਥ) ਸੁਖਜਿੰਦਰ ਸਿੰਘ ਨੇ ਕਿਹਾ ਕਿ ਐਸ ਐਚ ਓ ਮੁਕੇਸ਼ ਕੁਮਾਰ ਨੂੰ ਸੂਚਨਾ ਮਿਲੀ ਕਿ ਮਨੋਜ ਕਰੀਬ ਛੇ ਮਹੀਨੇ ਤੋਂ ਨੰਦਨਪੁਰ ਰੋਡ ਉੱਤੇ ਰਹਿ ਰਿਹਾ ਹੈ। ਇਸ ਪਿੱਛੋਂ ਪੁਲਸ ਨੇ ਨੰਦਨਪੁਰ ਰੋਡ ਉੱਤੇ ਨੈਸ਼ਨਲ ਪਾਰਕ ਨੇੜੇ ਟ੍ਰੈਪ ਲਾ ਕੇ ਮਨੋਜ ਨੂੰ ਫੜ ਲਿਆ।

## ਹਾਈ ਕੋਰਟ ਨੇ ਕਿਹਾ: ਲਾਲਚ ਕਦੇ ਉਮਰ ਵੇਖ ਕੇ ਨਹੀਂ ਜਾਗਦਾ


ਚੰਡੀਗੜ੍ਹ, 11 ਮਾਰਚ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਦਾ ਕਹਿਣਾ ਹੈ ਕਿ 'ਸੀਨੀਅਰ ਨਾਗਰਿਕ ਸ਼ਿਸ਼ਟਾਚਾਰ ਅਤੇ ਚੰਗੇ ਸਲੂਕ ਦੇ ਹੱਕਦ-ਾਰ ਹਨ। ਉਨ੍ਹਾਂ ਦਾ ਆਦਰ ਕਰਨਾ ਚਾਹੀਦਾ ਹੈ, ਪਰ ਸੀਨੀਅਰ ਨਾਗਰਿਕ ਹੋਣਾ ਇਸ ਗੱਲ ਦੀ ਗਾਰੰਟੀ ਨਹੀਂ ਕਿ ਉਹ ਅਪਰਾਧਕ ਸਰਗਰਮੀਆਂ ਵਿੱਚ ਸ਼ਾਮਲ ਨਹੀਂ ਹੋ ਸਕਦਾ। ਮਨੁੱਖ ਦਾ ਲਾਲਚ ਉਸ ਦੀ ਉਮਰ, ਲਿੰਗ, ਜਾਤ ਵਗੈਰਾ ਵੇਖ ਕੇ ਨਹੀਂ ਜਾਗਦਾ।'

ਹਾਈ ਕੋਰਟ ਦੇ ਜਸਟਿਸ ਐਚ ਐਸ ਮਦਾਨ ਨੇ ਇਹ ਟਿੱਪਣੀ ਬਟਾਲਾ ਦੇ ਪਿਆਰਾ ਸਿੰਘ ਵੱਲੋਂ ਅਪਰਾਧਕ ਮਾਮਲੇ ਵਿੱਚ ਅਗਾਊਂ ਜ਼ਮਾਨਤ ਦੀ ਮੰਗ ਲਈ ਪਟੀਸ਼ਨ ਰੱਦ ਕਰਦਿਆਂ ਕੀਤੀ ਹੈ। ਪਟੀਸ਼ਨਰ ਨੇ ਅਦਾਲਤ ਨੂੰ ਆਪਣੇ ਪੱਖ ਵਿੱਚ ਦਲੀਲ ਦਿੱਤੀ ਸੀ ਕਿ ਉਸ ਦੀ ਉਮਰ 95 ਸਾਲ ਹੈ ਅਤੇ ਉਹ ਜ਼ਿੰਦਗੀ ਦੇ ਅੰਤਿਮ ਪੜਾਅ ਉੱਤੇ ਹੈ ਤੇ ਕਿਸੇ ਤਰ੍ਹਾਂ ਦੇ ਅਪਰਾਧ ਕਰਨ ਦੇ ਸਮਰੱਥ ਨਹੀਂ ਹੈ।ਅਦਾਲਤ ਨੂੰ ਦੱਸਿਆ ਗਿਆ ਕਿ ਉਸ ਦੇ ਵਿਰੁੱਧ ਚਾਰ ਮਾਰਚ 2020 ਨੂੰ ਪੁਲਸ ਸਟੇਸ਼ਨ ਬਟਾਲਾ ਵਿੱਚ ਧੋਖਾਦੇਹੀ ਦਾ ਕੇਸ ਦਰਜ ਕੀਤਾ ਗਿਆ ਸੀ। ਉਸ ਦੇ ਵਿਰੁੱਧ ਕੁਲਦੀਪ ਸਿੰਘ ਨਾਂਅ ਦੇ ਵਿਅਕਤੀ ਨੇ ਐਸ ਐਸ ਪੀ ਗੁਰਦਾਸਪੁਰ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸ ਦੇ ਨਾਲ ਅਮਰੀਕਾ ਭੇਜਣ ਦੇ ਨਾਂਅ ਉੱਤੇ ਪਟੀਸ਼ਨਰ ਪਿਆਰਾ ਸਿੰਘ ਅਤੇ ਹੋਰਨਾਂ ਨੇ ਛੇ ਲੱਖ 50 ਹਜ਼ਾਰ ਰੁਪਏ ਦੀ ਠੱਗੀ ਕੀਤੀ ਹੈ ਅਤੇ ਉਸ ਨੂੰ ਨਾ ਦੋਸ਼ੀਆਂ ਨੇ ਅਮਰੀਕਾ ਭੇਜਿਆ ਤੇ ਨਾ ਪੈਸੇ ਮੋੜੇ ਹਨ। ਪਟੀਸ਼ਨਰ ਪਿਆਰਾ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਉਸ ਉੱਤੇ ਲੱਗੇ ਦੋਸ਼ ਝੂਠੇ ਹਨ। ਉਸ ਦੀ ਉਮਰ 95 ਸਾਲ ਹੈ ਤੇ ਇਸ ਉਮਰ ਦਾ ਖਿਆਲ ਰੱਖ ਕੇ ਉਸ ਨੂੰ ਅਗਾਊਂ ਜ਼ਮਾਨਤ ਦਿੱਤੀ ਜਾਵੇ। ਸਾਰੇ ਪੱਖਾਂ ਨੂੰ ਸੁਣਨ ਮਗਰੋਂ ਜੱਜ ਨੇ ਕਿਹਾ ਕਿ ਇਨਸਾਨ ਦਾ ਲਾਲਚ ਉਮਰ ਜਾਂ ਜਾਤ ਵੇਖ ਕੇ ਨਹੀਂ ਜਾਗਦਾ ਹੁੰਦਾ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ





Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW



BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com



# Resilience and dedication – the mantras for women to rise to the top

## ICCC's 9th International Women's Day Celebrations bring together talented women leaders

The Indo-Canada Chamber of Commerce organized its 9th Annual International Women's Day Celebrations. The program featured high-powered, high-achieving women leaders from the corporate, government, and diplomatic spheres.

Lisa Lisson, President, FedEx Express Canada, in her keynote address highlighted the significance of the International Women's Day, emphasizing that it is on this day that women are recognized for their achievements without regard to division whether national, ethnic, cultural, economic, or political. But importantly the day marks the acknowledgement of women's rights and accelerating gender parity. Some of the women's day values are justice, dignity, hope, equality, collaboration, tenacity, appreciation, respect, and empathy.

Emphasizing the need to develop resilience, Ms. Lisson said, "I have learnt that we are all born with a resilient muscle and it is up to us to decide if we want to strength it. They say that what doesn't break you, makes you stronger, but I have come to realise that there is an X factor in there. We all need to strength our resilient muscle when life doesn't go according to our plan because adversity in some form or another is just a fact of life. Some of the factors that make a person resilient are maintaining a positive attitude, being optimistic, being mindful, regulating our thoughts and emotions, the ability to look for life lessons during tough times, and believing that there are brighter days ahead even when we are not sure how."



Vasudha Seth



BCrombie-M



ASrivastava-2



Mary Ng



Lisa_Lisson.1

Ms. Lisson then shared her story of how she overcame tragedy when her husband had a heart attack and could not recover from it. She confesses that grief hit her harder than she thought it would. Her mother helped her overcome the tragedy by a simple advice: Life is not what happens to you, but what you choose to do with what happens to you.

In her special address, as the Guest of Honour, Hon. Mary Ng, Canada's Minister of Small Business, Export Promotion and International Trade, said, the International Women's Day is the time to reinforce the government's commitment to gender equality. This is a key agenda for the government and there is still more work to be done to ensure equal participation of women in every sphere – from board rooms to businesses to classrooms and community centres. "Supporting women is the smartest thing that we can do, by advancing gender equality we can add $150 billion to our economy, and $12 trillion to the world economy."

The speeches were followed by a panel discussion on the topic: Women Leaders: What it takes to reach the top and stay at the top. Sangita Iyer, an independent documentary filmmaker and positive psychology expert moderated the discussion. Apoorva Srivastava, the Consul General of India in Toronto; Her Worship Bonnie Crombie, the Mayor of Mississauga; and Vasudha Seth, the Director of Sales at ArcelorMittal Dofasco and the Vice Chair at Ontario Chamber of Commerce were the panelists.

Introducing the panel discussion, Iyer said, women Leaders face a glass ceiling in their rise to the upper echelons of their career ladder – whether in the corporate world, or in government or in bureaucracy. This is an undeniable fact that persists despite enactment of legislations globally to empower women.

In her opening statement, Apoorva Srivastava said, "The diplomat's profession is immensely enriching. It is a journey of experience, enrichment, you get to travel a lot, stay in a country for three years, you get the opportunity to absorb a culture, make lifelong friends. To be a part of foreign service, you have to learn a language, and I learnt French, which led to a posting in Paris. This was followed by a posting in Kathmandu and then when the Indian Ambassador to Nepal was posted to Paris, he took me and my husband, who was also serving in Kathmandu to Paris. Thereafter, I had an immensely successful and fruitful stint as the staff officer with Sushma Swaraj and then with Dr. Jaishankar before I came here."

Mayor Bonnie Crombie said that her path to the top was accidental, but once she had chosen the path, she was determined to reach the top. She became the Liberal candidate for Streetsville, and won the Parliamentary election, but took an early retirement from the House of Commons. It was then that Hazel McCallion approached her to contest the councillor polls, which she won, and then when Hazel McCallion decided to retire, Bonnie Crombie ran and won the Mayoral polls, and was re-elected.

Vasudha Seth said, "Since I began, there has been a tremendous change in the demographic of the company, there are a lot more women in the professional and manufacturing spheres of the company. An important part of my journey was realizing fairly early on that even though I had studied engineering, it wasn't the best fit for me, and I decided to push myself further and do my MBA. So, an important lesson is to be open minded."

Mayank Bhatt
Executive Director

# ਨਾਰੀ ਸੁਸ਼ਕਤੀਕਰਨ ਦੀ ਅਸਲ ਮਿਸਾਲ ਮਾਈ ਭਾਗੋ

ਮੈਂ ਆਪਣੇ ਆਪ ਨੂੰ ਭਾਗਾਂ ਵਾਲੀ ਮੰਨਦੀ ਹਾਂ ਕਿ ਅਸੀਂ ਬਹੁਤ ਹੀ ਅਮੀਰ ਤੇ ਦੁਨੀਆਂ ਦੇ ਸਿਰਮੌਰ ਇਤਹਾਸ ਦੇ ਵਾਰਿਸ ਹਾਂ।ਜੇਕਰ ਕਿਸੇ ਨੇ ਨਾਰੀ ਸੁਸ਼ਕਤੀਕਰਨ ਦੀ ਉਦਹਾਰਣਾਂ ਲੈਣੀਆਂ ਹੋਣ ਤਾਂ ਇੱਕ ਵਾਰ ਉਹਨਾਂ ਨੂੰ ਸਿੱਖ ਇਤਹਾਸ ਨੂੰ ਜਰੂਰ ਪੜ ਤੇ ਵਿਚਾਰ ਲੈਣਾ ਚਾਹੀਦਾ ਹੈ। ਕਿਉਂਕਿ ਮੈਨੂੰ ਨਹੀਂ ਲੱਗਦਾ ਕਿ ਨਾਰੀ ਸ਼ਕਤੀ ਦੀਆ ਜਿੰਨੀਆਂ ਵੱਡੀਆਂ ਉਦਾਹਰਣਾ ਸਿੱਖ ਇਤਹਾਸ ਵਿੱਚ ਵੇਖਣ ਨੂੰ ਮਿਲਦੀਆਂ ਹਨ, ਉਹ ਹੋਰ ਕਿਧਰੇ ਮਿਲਦੀਆਂ ਹੋਣ। ਸਿੱਖ ਇਤਹਾਸ ਦੀ ਸਭ ਤੋਂ ਸੂਰਬੀਰ ਤੇ ਬਹਾਦੁਰ ਯੋਧਾ ਔਰਤ ਮਾਈ ਭਾਗੋ ਇੱਕ ਅਜਿਹੀ ਸ਼ਖਸੀਅਤ ਸਨ, ਜਿੰਨਾ ਤਰਨਤਾਰਨ ਦੀ ਪਵਿੱਤਰ ਧਰਤੀ ਉੱਤੇ ਜਨਮ ਲਿਆ। ਬਚਪਨ ਤੋਂ ਸਿੱਖੀ ਦੇ ਅਸੂਲਾਂ ਤੋਂ ਜਾਣੂ, ਮਾਈ ਭਾਗੋ ਬਾਣੀ ਤੇ ਬਾਣੇ ਦੋਨਾਂ ਵਿੱਚ ਪ੍ਰਪੱਕ ਸਨ। ਮਾਈ ਭਾਗੋ ਜੰਗ ਵਿੱਚ ਜੂਝਣ ਵਾਲੀ ਪਹਿਲੀ



ਹਰਕੀਰਤ ਕੌਰ

ਪੰਜਾਬੀ ਔਰਤ ਸਨ। ਗੁਰੂ ਗੋਬਿੰਦ ਸਿੰਘ ਦੀ ਇਹ ਬਹਾਦੁਰ ਧੀ ਦੀ ਇੱਕ ਇੱਛਾ ਸੀ ਕਿ ਉਹ ਆਪਣੇ ਗੁਰੂ ਪਿਤਾ ਦੇ ਅੰਗ ਰੱਖਿਅਕ ਬਣ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਕਰ ਸਕਣ, ਜਦੋਂ ਗੁਰੂ ਸਾਹਿਬ ਨਾਦੇੜ ਦੀ ਧਰਤੀ ਤੇ ਆਏ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਅੰਗਰੱਖਿਅਕ ਦੇ ਤੌਰ ਤੇ ਸੇਵਾ ਨਿਭਾਉਦੇ ਹੋਏ ਨਾਦੇੇੜ ਦੀ ਧਰਤੀ ਤੇ 1708 ਵਿੱਚ ਅਕਾਲ ਪੁਰਖ ਦੀ ਜੋਤ ਵਿੱਚ ਲੀਨ ਹੋ ਗਏ। ਹੋ ਸਕਦਾ ਮੇਰੇ ਕਈ ਪਾਠਕਾਂ ਦੇ ਜਹਿਨ ਵਿੱਚ ਹੋਵੇ ਕਿ ਔਰਤਾਂ ਤਾਂ ਹੋਰ ਵੀ ਬਹੁਤ ਮਹਾਨ ਹੋਈਆਂ ਹਨ ਪਰ

ਮੇਰੇ ਅੱਜ ਦੇ ਦਿਨ ਮਾਤਾ ਭਾਗ ਕੌਰ ਜੀ ਦਾ ਹੀ ਵਿਸ਼ੇਸ਼ ਤੌਰ ਤੇ ਜਿਕਰ ਕਰਨ ਪਿੱਛੇ ਕੀ ਕਾਰਨ ਹੋਵੇਗਾ। ਅਸਲ ਵਿੱਚ ਬੇਸ਼ੱਕ ਹੋਰ ਵੀ ਬਹੁਤ ਸਾਰੀਆਂ ਔਰਤਾਂ ਨੇ ਮਹਾਨ ਕਾਰਜ ਕੀਤੇ ਤੇ ਪੂਰੇ ਨਾਰੀ ਸੰਸਾਰ ਦਾ ਮਾਣ ਵਧਾਇਆ। ਅੱਜ ਭਾਵੇਂ ਔਰਤਾਂ ਅੱਗੇ ਵੱਧ ਰਹੀਆਂ ਹਨ, ਆਪਣੀ ਪਹਿਚਾਣ ਬਣਾ ਰਹੀਆਂ ਹਨ। ਪਰ ਬਹੁਤਾਤ ਔਰਤਾਂ ਘਰਾਂ ਵਿੱਚ ਸਮਾਜ ਵਿੱਚ ਸਰੀਰਕ ਤੇ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ। ਅੱਜ ਵੀ ਬਹੁਤ ਸਾਰੀਆਂ ਬਾਲਿਗ , ਨਾਬ-ਾਲਿਗ ਲੜਕੀਆਂ ਦੇ ਬਲਾਤਕਾਰ ਹੁੰਦੇ ਹਨ।ਅੱਜ ਵੀ ਕਈ ਲੜਕੀਆਂ ਘਰਾਂ ਵਿੱਚ ਜੁਲਮ ਦਾ ਸ਼ਿਕਾਰ ਹੁੰਦੀਆਂ ਹਨ, ਦਾਜ ਦੀ ਬਲੀ ਚੜਦੀਆਂ ਹਨ, ਨਾ ਚਾਹੁੰਦੀਆਂ ਹੋਈਆਂ ਵੀ ਗਰਭਪਾਤ ਕਰਵਾ ਆਪਣੀਆਂ ਧੀਆਂ ਨੂੰ ਕੁੱਖਾਂ ਵਿੱਚ ਮਰਵਾਉਂਦੀਆਂ ਹਨ। ਅਸੀਂ ਸਾਰੇ ਅਜਿਹੇ ਹਾਲਤ ਵੇਖ ਸਮਾਜ ਬੁਰਾ ਹੈ ਕਹਿ ਪੱਲਾ ਚਾੜ ਦਿੰਦੇ ਹਾਂ ਪਰ ਕਦੇ ਜੜ ਤੱਕ ਪਹੁੰਚਣ ਦਾ ਯਤਨ ਹੀ ਨਹੀਂ ਕੀਤਾ। ਅਸਲ ਵਿੱਚ ਜਦੋਂ ਅਸੀਂ ਆਪਣੀਆਂ ਬੱਚੀਆਂ ਨੂੰ, ਧੀਆਂ ਨੂੰ ਮਾਈ ਭਾਗੋ ਵਰਗੀਆਂ ਬਾਹੁਦਰ ਔਰਤਾਂ ਦਾ ਇਤਹਾਸ ਹੀ ਨਹੀਂ ਸੁਣਾਇਆ, ਜਦੋਂ ਤੱਕ ਅਸੀਂ ਉਹਨਾਂ ਨੂੰ ਦੱਸਦੇ ਨਹੀਂ ਕਿ ਅਣਖਾਂ , ਇੱਜ਼ਤਾ, ਇਤਹਾਸ ਤੇ ਜੁਰਅਤਾਂ ਕੀ ਹਨ ? ਉਹ ਕਿਵੇ ਜੁਲਮ ਦਾ ਟਾਕਰਾ ਕਰਨ ਦੇ ਕਾਬਿਲ ਹੋਣਗੀਆਂ? ਅੱਜ ਦੀਆਂ ਬਹੁਤਾਤ ਨੋਜਵਾਨ ਲੜਕੀਆਂ ਨੂੰ ਮਾਈ ਭਾਗੋ ਦਾ ਇਤਹਾਸ ਨਹੀ ਪਤਾ ਹੋਵੇਗਾ! ਨਹੀ ਜਾਣਦੀਆਂ ਹੋਣਗੀਆਂ ਕਿ ਕਿਹੜੀਆਂ ਮਾਵਾਂ ਨੇ ਆਪਣੇ ਬੱਚਿਆਂ ਦੇ ਕਦੋਂ, ਕਿਉਂ ਤੇ ਕਿੱਥੇ ਗਲਾ ਵਿੱਚ ਹਾਰ ਪਵਾਏ ਹੋਣਗੇ! ਪਰ ਹਾਂ ਅੱਜ ਦੀਆਂ ਬੱਚੀਆਂ ਨੂੰ ਅਸੀਂ ਟਿਕਟਾਕ ਤੇ ਨੱਚਣਾ ਜਰੂਰ ਸਿਖਾਇਆ ਹੈ! ਜੇਕਰ ਅੱਜ ਮਾਪੇ ਆਪਣੀਆਂ ਧੀਆਂ ਨੂੰ ਉਹਨਾਂ ਦੀਆਂ ਕਲਾਵਾਂ ਨਿਖਾਰਨ ਦੇ ਨਾਲ ਨਾਲ ਇਤਿਹਾਸ ਤੋਂ ਵੀ ਜਾਣੂ ਕਰਵਾਉਣ ਤਾਂ ਉਹਨਾਂ ਨੂੰ ਆਪਣੇ ਅੰਦਰ ਛੁਪੀ ਨਾਰੀ ਸ਼ਕਤੀ ਦਾ ਅਹਿਸਾਸ ਹੋਵੇਗਾ! ਅਹਿਸਾਸ ਹੋਵੇਗਾ ਕਿ ਅਸੀਂ ਮਾਤਾ ਭਾਗ ਕੋਰ ਦੀ ਵਾਰਿਸ ਹਾਂ। ਜਦੋਂ ਅਸੀਂ ਆਪਣੀਆਂ ਧੀਆਂ ਨੂੰ ਮਾਈ ਭਾਗੋ ਵਾਂਗ ਦਲੇਰ, ਬਹਾਦੁਰ, ਚਰਿੱਤਰਵਾਨ ਤੇ ਸਾਹਸੀ ਬਣਾਉਣ ਵਿੱਚ ਕਾਮਯਾਬ ਹੋ ਗਏ ਤਾ ਸਾਡੇ ਨਾਰੀ ਸ਼ੁਸਕਤੀਕਰਨ ਵਰਗੇ ਮਨਾਏ ਮਹਾਨ ਦਿਨ ਸਫਲ ਹੋ ਜਾਣਗੇ। ਜਦੋਂ ਮਾਵਾਂ ਆਪਣੀਆਂ ਧੀਆਂ ਵਿੱਚੋਂ ਹੀਰੋਅਨਾਂ ਘੱਟ ਤੇ ਮਾਤਾ ਭਾਗੋ ਦੇਖਣ ਲੱਗ ਜਾਵਣ ਗੀਆਂ, ਉਦੋਂ ਕੋਈ ਧੀ ਦਾਜ ਦੀ ਬਲੀ ਨਹੀ ਚੜੇਗੀ, ਕੋਈ ਧੀ ਕਿਸੇ ਦੀ ਹਵਸ਼ ਦਾ ਸ਼ਿਕਾਰ ਨਹੀਂ ਹੋਵੇਗੀ, ਫਿਰ ਅਸਲ ਵਿੱਚ ਹਰ ਨਾਰੀ ਸ਼ਕਤੀ ਆਪਣੀ ਸ਼ਕਤੀ ਤੋਂ ਜਾਣੂ ਹੋਵੇਗੀ । ਜੋ ਇੱਕ ਨਵਾਂ ਸਮਾਜ ਸਿਰਜੇਗੀ ਜਿੱਥੇ ਹਰ ਕੋਈ ਇੱਕ ਸੱਭਿਅਕ ਜੀਵਨ ਜੀਵੇਗਾ।

## ਓਨਟਾਰੀਓ ਵਿੱਚ ਡਰਾਈਵਰਜ਼ ਲਾਇਸੰਸ ਰਨਿਊ ਕਰਵਾਉਣ ਲਈ ਮਿਆਦ ਵਿੱਚ ਕੀਤਾ ਗਿਆ ਵਾਧਾ ਅਜੇ ਵੀ ਜਾਰੀ


...ਪੰਨਾ 1 ਦਾ ਬਾਕੀ

ਲੋਕਾਂ ਨੂੰ ਆਪਣੇ ਡਰਾਈਵਰ ਲਾਇਸੰਸ ਦੀ ਫੋਟੋ ਅਪਡੇਟ ਕਰਵਾਉਣ ਦੀ ਲਾਜ਼ਮੀ ਸ਼ਰਤ ਤੋਂ ਵੀ ਛੋਟ ਦਿੱਤੀ ਗਈ ਹੈ ਤਾਂ ਕਿ ਡਰਾਈਵਰਾਂ ਨੂੰ ਆਪਣੇ ਲਾਇਸੰਸ ਆਨਲਾਈਨ ਰਨਿਊ ਕਰਵਾਉਣ ਦਾ ਬਦਲ ਮਿਲ ਸਕੇ। ਇਸ ਵਾਧੇ ਦੇ ਬਾਵਜੂਦ ਪ੍ਰੋਵਿੰਸ ਦਾ ਕਹਿਣਾ ਹੈ ਕਿ ਉਹ ਸਾਰਿਆਂ ਨੂੰ ਆਪਣੇ ਡਰਾਈਵਰ ਲਾਇਸੰਸ ਤੇ ਲਾਇਸੰਸ ਪਲੇਟ ਸਟਿੱਕਰਜ਼ ਆਨਲਾਈਨ ਰਨਿਊ ਕਰਵਾਉਣ ਲਈ ਹੱਲਾਸ਼ੇਰੀ ਦਿੰਦੀ ਹੈ। ਪ੍ਰੋਵਿੰਸ ਵੱਲੋਂ ਇਹ ਵੀ ਆਖਿਆ ਗਿਆ ਕਿ ਉਹ ਸਾਰਿਆਂ ਨੂੰ ਅਪੀਲ ਕਰਦੇ ਹਨ ਕਿ ਜਿੰਨਾਂ ਸੰਭਵ ਹੋ ਸਕੇ ਇਹ ਕੰਮ ਆਨਲਾਈਨ ਹੀ ਕਰਵਾਇਆ ਜਾਵੇ। ਮੰਤਰਾਲੇ ਅਨੁਸਾਰ ਜੇ ਤੁਸੀਂ ਆਪਣੇ ਓਨਟਾਰੀਓ ਡਰਾਈਵਰਜ਼, ਵ੍ਹੀਕਲ ਤੇ ਕਰੀਅਰ ਪ੍ਰੋਡਕਟ ਅੱਜ ਰਨਿਊ ਕਰਵਾਉਂਦੇ ਹੋਂ ਤਾਂ ਤੁਹਾਨੂੰ ਪਿਛਲੇ ਸਾਲ ਲਈ ਵੀ ਅਦਾਇਗੀ ਕਰਨੀ ਹੋਵੇਗੀ। ਜੇ ਤੁਹਾਨੂੰ ਸਰਵਿਸ ਓਨਟਾਰੀਓ ਦੀ ਲੋਕੇਸ਼ਨ ਉੱਤੇ ਵਿਅਕਤੀਗਤ ਤੌਰ ਉੱਤੇ ਜਾਣਾ ਹੀ ਪੈਂਦਾ ਹੈ ਤਾਂ ਸਰਵਿਸ ਓਨਟਾਰੀਓ ਦੇ ਕੁੱਝ ਸੈਂਟਰਜ਼ ਉੱਤੇ ਐਡਵਾਂਸ ਵਿੱਚ ਇਸ ਲਈ ਆਨਲਾਈਨ ਅਪੁਆਇੰਟਮੈਂਟ ਬੁੱਕ ਕਰਵਾਈ ਜਾ ਸਕਦੀ ਹੈ।


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224





KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com

Looking For a Nest..? Call the Best




EXCLUSIVE FOR SALE IN WOODSTOCK

CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'




FOR SALE
EXCLUSIVE
JAMES C

CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'

KAMAL SANDHU RE/MAX GOLD REALTY INC BROKERAGE

# ਲੋਕ-ਰਾਜ ਤਾਂ ਭਾਰਤ ਦੇ ਕਿਸੇ ਖੂੰਜੇ ਬੈਠਾ ਅੱਖਾਂ ਵਿੱਚ ਘਸੁੰਨ ਦੇ-ਦੇ ਕੇ ਰੋਂਦਾ ਹੋਣੈ



ਜਤਿੰਦਰ ਪੰਨੂ

ਸ਼ਿਵ ਬਟਾਲਵੀ ਨੇ ਪਤਾ ਨਹੀਂ ਕਿਸ ਰੰਗ ਵਿੱਚ ਲਿਖਿਆ ਹੋਵੇ; 'ਮੈਂ ਮਸੀਹਾ ਵੇਖਿਆ, ਬੀਮਾਰ ਤੇਰੇ ਸ਼ਹਿਰ ਦਾ। ਰੋਗ ਬਣ ਕੇ ਰਹਿ ਗਿਆ ਪਿਆਰ ਤੇਰੇ ਸ਼ਹਿਰ ਦਾ'। ਮੈਨੂੰ ਇਹ ਸਤਰਾਂ ਓਦੋਂ ਸੁੱਝੀਆਂ, ਜਦੋਂ ਇੱਕ ਸੱਜਣ ਨੇ ਇਹ ਗੱਲ ਪੁੱਛ ਲਈ ਕਿ ਅੱਜ ਦੇ ਭਾਰਤ ਦੇਸ਼ ਦਾ ਲੋਕਤੰਤਰ ਸਹੀ ਅਰਥਾਂ ਵਿੱਚ ਲੋਕਤੰਤਰ ਵਜੋਂ ਤੋਲਣਾ ਹੋਵੇ ਤਾਂ ਤੁਸੀਂ ਇਸ ਨੂੰ ਕਿਸ ਪੱਧਰ ਦਾ ਕਹਿ ਸਕਦੇ ਹੋ! ਇਹ ਸਵਾਲ ਡਾਢਾ ਔਖਾ ਸੀ। ਮੈਂ ਜਿਉਂ-ਜਿਉਂ ਭਾਰਤ ਦੀ ਪਾਰਲੀਮੈਂਟ ਅਤੇ ਰਾਜਾਂ ਦੇ ਵਿਧਾਨ ਮੰਡਲਾਂ ਵੱਲ ਨਜ਼ਰ ਮਾਰੀ ਜਾਵਾਂ, ਉਨ੍ਹਾਂ ਵਿੱਚ ਲੋਕਤੰਤਰੀ ਰਿਵਾਇਤਾਂ ਲੱਭਣੀਆਂ ਔਖੀਆਂ ਹੋਈ ਜਾਣ ਅਤੇ ਉਨ੍ਹਾਂ ਦੀ ਥਾਂ ਇਹ ਪ੍ਰਭਾਵ ਬਣਦਾ ਜਾਵੇ ਕਿ ਜਿਹੜੇ ਹਾਲਾਤ ਵਿੱਚ ਇਹ ਲੋਕਤੰਤਰ ਪਹੁੰਚ ਗਿਆ ਹੈ, ਇਹ ਭਾਰਤ ਵਿਚ ਕਿੰਨਾ ਕੁ ਚਿਰ ਟਿਕਿਆ ਰਹੇਗਾ ਅਤੇ ਅਰਾਜਕਤਾ ਇਸ ਨੂੰ ਖੂੰਜੇ ਲਾਉਣ ਵਿੱਚ ਕਿੰਨੇ ਕੁ ਸਾਲ ਹੋਰ ਲਾਵੇਗੀ! ਮਨ ਵਿੱਚ ਪਿਛਲੇ ਅੱਧੀ ਸਦੀ ਦੇ ਦ੍ਰਿਸ਼ਟਾਂਤ ਸੁਖਾਵੇਂ ਮੁੱਢ ਤੋਂ ਚੱਲੀ ਅਤੇ ਦੁਖਾਂਤਕ ਦੌਰ ਵਿੱਚ ਮੁੱਕਣ ਵਾਲੀ ਫਿਲਮ ਬਣਦੇ ਗਏ।

ਪੰਜਤਾਲੀ ਕੁ ਸਾਲ ਪਹਿਲਾਂ ਜਦੋਂ ਅਸੀਂ ਅਖਬਾਰਾਂ ਪੜ੍ਹਨ ਅਤੇ ਰਾਜਨੀਤੀ ਨੂੰ ਸਮਝਣ ਜੋਗੇ ਹੋਏ ਤਾਂ ਵਿਧਾਨ ਸਭਾ ਹੋਵੇ ਜਾਂ ਪਾਰਲੀਮੈਂਟ, ਲੋਕ ਉਨ੍ਹਾਂ ਦੇ ਅਜਲਾਸਾਂ ਵਿੱਚ ਹੁੰਦੀਆਂ ਬਹਿਸਾਂ ਪੜ੍ਹ ਕੇ ਵੱਖੋ-ਵੱਖ ਲੀਡਰਾਂ ਦੇ ਭਾਸ਼ਣਾਂ ਦੀ ਚਰਚਾ ਕਰਦੇ ਹੁੰਦੇ ਸਨ। ਓਦੋਂ ਪੰਜਾਬ ਦੀ ਸਰਕਾਰ ਦੇ ਮੁਖੀ ਗਿਆਨੀ ਜ਼ੈਲ ਸਿੰਘ ਹੁੰਦੇ ਸਨ ਅਤੇ ਵਿਰੋਧੀ ਧਿਰ ਦੇ ਆਗੂ ਉਨ੍ਹਾਂ ਦੇ ਆਪਣੇ ਪਿੰਡ ਦੇ ਅਕਾਲੀ ਵਿਧਾਇਕ ਜਸਵਿੰਦਰ ਸਿੰਘ ਬਰਾੜ ਸਨ। ਦੋਵੇਂ ਆਪਣੀ-ਆਪਣੀ ਰਾਜਨੀਤੀ ਦੇ ਪੱਕੇ ਸਨ, ਪਰ ਇੱਕ ਸਦਾਚਾਰ ਦਾ ਰਿਸ਼ਤਾ ਆਪਸ ਵਿੱਚ ਲਗਾਤਾਰ ਨਿਭਾਉਂਦੇ ਹੁੰਦੇ ਸਨ। ਫਿਰ ਅਸੀਂ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਅਤੇ ਬਲਰਾਮ ਜਾਖੜ ਹੁਰਾਂ ਦੇ ਆਪੋਜ਼ੀਸ਼ਨ ਲੀਡਰੀ ਦੇ ਦਿਨ ਵੇਖੇ, ਜਿਨ੍ਹਾਂ ਵਿੱਚ ਹਰ ਮੁੱਦੇ ਉੱਤੇ ਭਖਵੀਂ ਬਹਿਸ ਦੇ ਬਾਵਜੂਦ ਸ਼ਬਦਾਂ ਤੇ ਸੰਬੰਧਾਂ ਦੀ ਮਹਿਮਾ ਕਾਇਮ ਰੱਖੀ ਜਾਂਦੀ ਸੀ। ਅਸੈਂਬਲੀ ਵਿੱਚ ਕਾਮਰੇਡ ਸਤਪਾਲ ਡਾਂਗ, ਭਾਜਪਾ ਆਗੂ ਬਲਰਾਮਜੀ ਦਾਸ ਟੰਡਨ ਅਤੇ ਸਮਾਜਵਾਦੀ ਪਾਰਟੀ ਤੋਂ ਚੱਲ ਕੇ ਚੀਫ ਖਾਲਸਾ ਦੀਵਾਨ ਦੀ ਪ੍ਰਧਾਨਗੀ ਤੱਕ ਪਹੁੰਚਣ ਵਾਲੇ ਕ੍ਰਿਪਾਲ ਸਿੰਘ ਅਤੇ ਹੋਰਨਾਂ ਵਿਚਾਲੇ ਹਰ ਮੁੱਦੇ ਉਤੇ ਠੋਸ ਦਲੀਲਾਂ ਵਾਲੀ ਬਹਿਸ ਹੁੰਦੀ ਵੀ ਵੇਖੀ ਸੀ। ਜਦੋਂ ਦੇਸ਼ ਦੀ ਪਾਰਲੀਮੈਂਟ ਦੀ ਗੱਲ ਆਉਂਦੀ ਹੈ ਤਾਂ ਓਥੇ ਵੀ ਦਲੀਲਾਂ ਦੇ ਧਨੀ ਮੈਂਬਰ ਬਹਿਸਾਂ ਕਰਿਆ ਕਰਦੇ ਸਨ।

ਫਿਰ ਨਵਾਂ ਮਾਹੌਲ ਬਣਨ ਲੱਗ ਪਿਆ। ਇੱਕ ਮੌਕੇ ਤਾਮਿਲ ਨਾਡੂ ਦੀ ਵਿਧਾਨ ਸਭਾ ਵਿੱਚ ਬਹਿਸ ਤੋਂ ਗੱਲ ਝਗੜੇ ਤੱਕ ਜਾ ਪਹੁੰਚੀ ਤੇ ਹੱਥੋ-ਪਾਈ ਵਿੱਚ ਜੈਲਲਿਤਾ ਦੀ ਸਾੜ੍ਹੀ ਦਾ ਇੱਕ ਕੋਨਾ ਪਾਟ ਜਾਣ ਤੋਂ ਬਾਅਦ ਉਸ ਨੇ ਬਾਹਰ ਆ ਕੇ ਕਿਹਾ ਸੀ: 'ਹਾਊਸ ਵਿੱਚ ਮੇਰੀ ਇੱਜ਼ਤ ਨੂੰ ਹੱਥ ਪਾਉਣ ਦਾ ਯਤਨ ਕੀਤਾ ਗਿਆ ਹੈ।' ਮੱਧ ਪ੍ਰਦੇਸ਼ ਵਿੱਚ ਇੱਕ ਵਿਧਾਇਕ ਨੇ ਇੱਕ ਵਾਰੀ ਆਪਣੀ ਧੋਤੀ ਖੋਲ੍ਹਣ ਦੀ ਧਮਕੀ ਦਿੱਤੀ ਤਾਂ ਦੂਸਰੇ ਮੈਂਬਰਾਂ ਨੇ ਬੜੀ ਮੁਸ਼ਕਲ ਰੋਕਿਆ ਸੀ। ਇਸ ਧਮੱਚੜ ਨੂੰ ਸ਼ੁਰੂ ਵਿੱਚ ਰੋਕਿਆ ਜਾਂਦਾ ਤਾਂ ਮਿਆਰ ਕਾਇਮ ਰਹਿ ਜਾਂਦੇ, ਪਰ ਰੱਖੇ ਨਹੀਂ ਸਨ ਗਏ। ਅੱਜ ਪਾਰਲੀਮੈਂਟ ਤੋਂ ਵਿਧਾਨ ਸਭਾਵਾਂ ਤੱਕ ਹਰ ਥਾਂ ਹਰ ਗੱਲ ਉੱਤੇ ਏਨਾ ਧਮੱਚੜ ਪੈਂਦਾ ਹੈ ਕਿ ਕੰਮ ਦੀ ਗੱਲ ਦੀ ਆਸ ਹੀ ਨਹੀਂ ਰੱਖੀ ਜਾ ਸਕਦੀ ਤੇ ਇੱਕ ਦੂਸਰੇ ਦੀ ਇੱਜ਼ਤ ਉਛਾਲਣਾ ਆਮ ਗੱਲ ਬਣ ਗਈ ਹੈ। ਓਦੋਂ ਸਪੀਕਰ ਆਮ ਕਰ ਕੇ ਹੁੱਲੜਬਾਜ਼ੀ ਤੋਂ ਪ੍ਰਹੇਜ਼ ਕਰਨ ਲਈ ਕਹਿੰਦੇ ਅਤੇ ਖੁਦ ਵੀ ਬੰਧੇਜ ਵਿੱਚ ਰਹਿੰਦੇ ਹੁੰਦੇ ਸਨ, ਅੱਜਕੱਲ੍ਹ ਸਪੀਕਰਾਂ ਦਾ ਵੀ ਉਹ ਮਿਆਰ ਨਹੀਂ ਰਿਹਾ।

ਪੰਜਾਬ ਵਿਧਾਨ ਸਭਾ ਵਿੱਚ ਇਸ ਵਾਰੀ ਜੋ ਕੁਝ ਹੋਇਆ ਹੈ, ਉਹ ਬੇਅਸੂਲੀ ਹੁੱਲੜਬਾਜ਼ੀ ਦੀਆਂ ਹੱਦਾਂ ਟੱਪ ਜਾਣ ਵਾਲਾ ਹੈ। ਵਿਰੋਧੀ ਧਿਰ ਹੁੱਲੜਬਾਜ਼ੀ ਕਰੇ ਤਾਂ ਹਾਕਮ ਧਿਰ ਨੂੰ ਹਾਊਸ ਚੱਲਦਾ ਰੱਖਣ ਵਾਸਤੇ ਯਤਨ ਕਰਨੇ ਪਿਆ ਕਰਦੇ ਹਨ, ਪਰ ਇਸ ਵਾਰੀ ਓਥੇ ਹਾਕਮ ਧਿਰ ਦੇ ਵਿਧਾਇਕ ਵੀ ਹੱਦਾਂ ਟੱਪਦੇ ਵੇਖੇ ਗਏ। ਮੈਂ ਕਿਸੇ ਪਾਰਟੀ ਦੇ ਕਿਸੇ ਆਗੂ ਦਾ ਨਾਂਅ ਨਹੀਂ ਲੈ ਰਿਹਾ, ਕਿਉਂਕਿ ਜਿਵੇਂ ਸਿਫਤ ਕਰਦੇ ਸਮੇਂ ਕਿਸੇ ਦਾ ਨਾਂਅ ਰਹਿ ਜਾਣ ਨਾਲ ਉਸ ਦੇ ਰੁੱਸਣ ਦਾ ਡਰ ਹੁੰਦਾ ਹੈ, ਓਦਾਂ ਹੀ ਇਨ੍ਹਾਂ ਦੇ ਵਿਹਾਰ ਦੀ ਨਿੰਦਾ ਕਰਦਿਆਂ ਕਿਸੇ ਦਾ ਨਾਂਅ ਲੈਣ ਤੋਂ ਰਹਿ ਗਿਆ ਤਾਂ ਉਸ ਨਾਲ ਕਿਸੇ ਤਰ੍ਹਾਂ ਦਾ ਲਿਹਾਜ ਕੀਤਾ ਜਾਪਣ ਲੱਗੇਗਾ। ਇੱਕ ਮਸਲਾ ਇਹੋ ਜਿਹਾ ਹੈ, ਜਿਸ ਵਿੱਚ ਸਿਰਫ ਇੱਕ ਵਿਧਾਇਕ ਜਦੋਂ ਬੋਲਣ ਲੱਗਾ ਤਾਂ ਬਾਕੀ ਸਾਰੀਆਂ ਪਾਰਟੀਆਂ ਦੇ ਵਿਧਾਇਕਾਂ ਨੇ ਉਹ ਉੱਧੜਧੁੰਮੀ ਚੁੱਕੀ ਕਿ ਉਸ ਨੂੰ ਬੋਲਣ ਦੀ ਥਾਂ ਬਾਹਰ ਚਲੇ ਜਾਣਾ ਵੱਧ ਚੰਗਾ ਲੱਗਾ। ਬਾਕੀ ਧਿਰਾਂ ਵਾਲੇ ਇਸ ਤੋਂ ਖੁਸ਼ ਹੋਣਗੇ, ਪਰ ਅਸਲ ਵਿੱਚ ਇਹ ਬੇਵਕੂਫੀ ਦਾ ਕੰਮ ਸੀ, ਜਿਹੜਾ ਨਾ ਕੀਤਾ ਜਾਂਦਾ ਤਾਂ ਚੰਗਾ ਹੋਣਾ ਸੀ। ਉਹ ਵਿਧਾਇਕ ਭਾਜਪਾ ਸੀ। ਚਾਰ ਸਾਲ ਪਹਿਲਾਂ ਦੀ ਚੋਣ ਦੌਰਾਨ ਭਾਜਪਾ ਦੇ ਤਿੰਨ ਜਣੇ ਜਿੱਤੇ ਸਨ, ਫਿਰ ਉੱਪ ਚੋਣ ਵਿੱਚ ਇੱਕ ਸੀਟ ਭਾਜਪਾ ਦੀ ਘਟ ਗਈ ਤੇ ਬਾਕੀ ਦੋਂਹ ਵਿੱਚੋਂ ਇੱਕੋ ਜਣਾ ਹਾਊਸ ਵਿੱਚ ਉਸ ਦਿਨ ਗਿਆ ਸੀ। ਜੇ ਉਹ ਚਾਰ ਮਿੰਟ ਬੋਲ ਕੇ ਆਪਣੀ ਗੱਲ ਕਹਿ ਲੈਂਦਾ ਤਾਂ ਇੱਕ ਸੌ ਸਤਾਰਾਂ ਦੀ ਵਿਧਾਨ ਸਭਾ ਵਿੱਚੋਂ ਭਾਜਪਾ ਦੇ ਦੋ ਮੈਂਬਰਾਂ ਅਤੇ ਸਪੀਕਰ ਨੂੰ ਛੱਡ ਕੇ ਬਾਕੀ ਇੱਕ ਸੌ ਚੌਦਾਂ ਜਣੇ ਭਾਜਪਾ ਦੇ ਇੱਸ ਵਿਧਾਇਕ ਦੀ ਗੱਲ ਦੀ ਕਾਟ ਕਰ ਸਕਦੇ ਸਨ। ਉਸ ਵਿਰੁੱਧ ਇਤਰਾਜ਼ ਇਹ ਹੋਇਆ ਕਿ ਉਸ ਦੀ ਪਾਰਟੀ ਕਿਸਾਨ ਸੰਘਰਸ਼ ਦਾ ਵਿਰੋਧ ਕਰਨ ਵਾਲੀ ਧਿਰ ਹੈ। ਇਹ ਗੱਲ ਸੰਵਿਧਾਨ ਵਿੱਚ ਕਿਤੇ ਨਹੀਂ ਲਿਖੀ ਕਿ ਵਿਚਾਰ ਵੱਖ ਹੋਣ ਤਾਂ ਉਸ ਨੂੰ ਹਾਊਸ ਵਿੱਚ ਬੋਲਣ ਦਾ ਹੱਕ ਨਹੀਂ ਹੋਵੇਗਾ। ਅੱਜ ਏਥੇ ਕਾਂਗਰਸ, ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰਾਂ ਨੇ ਉਸ ਭਾਜਪਾ ਵਾਲੇ ਨੂੰ ਬੋਲਣ ਨਹੀਂ ਦਿੱਤਾ, ਜੇ ਕੱਲ੍ਹ ਨੂੰ ਲੋਕ ਸਭਾ ਦੇ ਪੰਜ ਸੌ ਤਿਰਤਾਲੀਆਂ ਵਿੱਚ ਪੰਜਾਬ ਦੇ ਤੇਰਾਂ ਵਿੱਚੋਂ ਭਾਜਪਾ ਦੇ ਦੋ ਕੱਢ ਕੇ ਬਾਕੀ ਗਿਆਰਾਂ ਨੂੰ ਬੋਲਣ ਤੋਂ ਉਨ੍ਹਾਂ ਨੇ ਏਸੇ ਤਰ੍ਹਾਂ ਰੋਕਣ ਲਈ ਹੱਲਾ-ਗੁੱਲਾ ਵਿੱਢ ਲਿਆ ਤਾਂ ਇਸ ਨਾਲ ਜਲੂਸ ਕਿਸ ਦਾ ਨਿਕਲੇਗਾ? ਭਾਜਪਾ ਵਾਲੇ ਤਾਂ ਏਦਾਂ ਦੇ ਹੰਗਾਮੇ ਕਰਨ ਵਿੱਚ ਬਾਕੀਆਂ ਨਾਲੋਂ ਉਂਝ ਵੀ ਵੱਧ ਮਾਹਰ ਸਮਝੇ ਜਾਂਦੇ ਹਨ। ਲੋਕ-ਰਾਜ ਵਿੱਚ ਹਰ ਚੁਣੇ ਹੋਏ ਪ੍ਰਤੀਨਿਧ ਨੂੰ ਆਪਣਾ ਪੱਖ ਪੇਸ਼ ਕਰਨ ਦਾ ਹੱਕ ਹੈ, ਜੇ ਕੋਈ ਸੁਣਨਾ ਨਹੀਂ ਚਾਹੁੰਦਾ ਤਾਂ ਉੱਠ ਕੇ ਬਾਹਰ ਚਲਾ ਜਾਵੇ, ਪਰ ਕਿਸੇ ਦਾ ਬੋਲਣ ਦਾ ਹੱਕ ਨਹੀਂ ਖੋਹਿਆ ਜਾ ਸਕਦਾ। ਇੰਜ ਕਰ ਕੇ ਨਾ ਭਾਜਪਾ ਦੀ ਨੀਤੀ ਬਦਲਣੀ ਹੈ, ਨਾ ਨੀਤ, ਪਰ ਪੰਜਾਬ ਦੇ ਵਿਧਾਇਕਾਂ ਦੀ ਅਕਲ ਸਾਹਮਣੇ ਆ ਗਈ ਹੈ।

ਲੋਕ-ਰਾਜ ਜਿਨ੍ਹਾਂ ਦੇਸ਼ਾਂ ਤੋਂ ਤੁਰਿਆ ਸੀ, ਓਥੇ ਵੀ ਬਿਨਾਂ ਸ਼ੱਕ ਓਦੋਂ ਜਿੰਨਾ ਸੁਥਰਾ ਨਹੀਂ ਰਿਹਾ, ਪਰ ਵਿਕਾਸ ਦੀ ਯਾਤਰਾ ਕਰਦਾ-ਕਰਦਾ ਭਾਰਤ ਵਰਗੇ ਦੇਸ਼ਾਂ ਵਿੱਚ ਪਹੁੰਚ ਕੇ ਤਾਂ ਆਪਣੇ ਆਪ ਵਿੱਚ ਹੀ ਸ਼ਰਮਿੰਦਾ ਮਹਿਸੂਸ ਕਰਨ ਲੱਗ ਪਿਆ ਹੋਵੇਗਾ। ਅਸੀਂ ਜਦੋਂ ਪੰਜਤਾਲੀ ਕੁ ਸਾਲ ਪਹਿਲਾਂ ਦੀਆਂ ਗੰਭੀਰ ਬਹਿਸਾਂ ਤੇ ਸਦਾਚਾਰੀ ਪੱਧਰ ਦਾ ਚੇਤਾ ਕਰਦੇ ਹਾਂ ਤਾਂ ਇਸ ਦਾ ਆਖਰੀ ਝਲਕਾਰਾ ਓਦੋਂ ਮਿਲਿਆ ਸੀ, ਜਦੋਂ ਚੌਦਾਂ ਕੁ ਸਾਲ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਚੌਥੀ ਵਾਰੀ ਇਸ ਰਾਜ ਦੇ ਮੁੱਖ ਮੰਤਰੀ ਬਣੇ ਸਨ ਅਤੇ ਨਵੀਂ ਪੀੜ੍ਹੀ ਕਾਂਗਰਸ ਤੇ ਅਕਾਲੀ ਦਲ ਦੋਵੇਂ ਪਾਸੇ ਅਜੇ ਬੇਲ-ਗਾਮ ਨਹੀਂ ਸੀ ਹੋਈ। ਕੌੜੇ ਸ਼ਬਦ ਮੁੱਖ ਮੰਤਰੀ ਬਾਦਲ ਤੇ ਵਿਰੋਧੀ ਧਿਰ ਵੱਲੋਂ ਵੀ ਕੁਝ ਲੋਕ ਕਹਿ ਜਾਂਦੇ ਸਨ, ਪਰ ਇੱਕ ਹੱਦ ਫਿਰ ਵੀ ਕਾਇਮ ਰਹਿੰਦੀ ਸੀ। ਮੁੱਖ ਮੰਤਰੀ ਬੋਲਦਾ ਹੋਵੇ ਤਾਂ ਉਸ ਦੀ ਗੱਲ ਸੁਣਨ ਤੋਂ ਰੋਕਣ ਦਾ ਰਿਵਾਜ ਹਾਲੇ ਨਹੀਂ ਸੀ ਪਿਆ। ਪੰਜਾਬ ਕਾਂਗਰਸ ਦੇ ਅਜੋਕੇ ਪ੍ਰਧਾਨ ਸੁਨੀਲ ਜਾਖੜ ਦੇ ਆਪੋਜ਼ੀਸ਼ਨ ਲੀਡਰ ਹੁੰਦਿਆਂ ਸਦਾਚਾਰ ਇਸ ਹੱਦ ਤੱਕ ਹੁੰਦਾ ਸੀ ਕਿ ਉਹ ਉਮਰ ਦਾ ਲਿਹਾਜ਼ ਕਰ ਕੇ ਮੁੱਖ ਮੰਤਰੀ ਬਾਦਲ ਦੇ ਗੋਡੀਂ ਹੱਥ ਲਾ ਦੇਂਦੇ ਸਨ। ਅਗਲਾ ਪੜਾਅ ਓਦੋਂ ਆਇਆ ਸੀ, ਜਦੋਂ ਯੋਜਨਾ ਕਮਿਸ਼ਨ ਦੀ ਮੀਟਿੰਗ ਵਾਸਤੇ ਦਿੱਲੀ ਪਹੁੰਚੇ ਤਾਂ ਸੁਨੀਲ ਜਾਖੜ ਨੇ ਬਾਦਲ ਦੇ ਪੈਰੀਂ ਹੱਥ ਲਾਏ ਅਤੇ ਅਕਾਲੀ ਦਲ ਦੀ ਨਵੀਂ ਪੀੜ੍ਹੀ ਨੇ ਉਹ ਫੋਟੋ ਮੀਡੀਏ ਵਿੱਚ ਉਚੇਚੀ ਇਹ ਕਹਿ ਕੇ ਪੇਸ਼ ਕਰਵਾਈ ਕਿ ਕਾਂਗਰਸ ਵਾਲੇ ਤਾਂ ਮੁੱਖ ਮੰਤਰੀ ਬਦਲ ਦੇ ਗੋਡੀਂ ਝੁਕਦੇ ਫਿਰਦੇ ਹਨ। ਸੁਨੀਲ ਜਾਖੜ ਦਾ ਝੱਟ ਬਿਆਨ ਆ ਗਿਆ ਕਿ ਬਜ਼ੁਰਗ ਦਾ ਸਤਿਕਾਰ ਕਰਨ ਲਈ ਮੈਂ ਉਨ੍ਹਾਂ ਦੇ ਗੋਡੀਂ ਹੱਥ ਲਾਉਂਦਾ ਹੁੰਦਾ ਸੀ, ਅਕਾਲੀ ਦਲ ਦੀ ਲੀਡਰਸ਼ਿਪ ਇਸ ਤੋਂ ਵੀ ਲਾਹਾ ਲੈਣਾ ਚਾਹੁੰਦੀ ਹੈ ਤਾਂ ਅੱਜ ਤੋਂ ਬਾਅਦ ਨਹੀਂ ਲਾਏ ਜਾਣਗੇ। ਸਦਾਚਾਰ ਉੱਤੇ ਕਦਾਚਾਰ ਦੇ ਭਾਰੂ ਹੋਣ ਨਾਲ ਕਿਸੇ ਇੱਕ ਜਾਂ ਦੂਸਰੇ ਲੀਡਰ ਦਾ ਜਲੂਸ ਨਹੀਂ ਨਿਕਲਿਆ, ਪੰਜਾਬ ਵਿਚਲੇ ਲੋਕ-ਰਾਜ ਦੀ ਗਿਰ-ਾਵਟ ਦਾ ਸਿਖਰ ਹੋਣ ਦੇ ਸੰਕੇਤ ਬਾਹਰ ਆ ਗਏ ਸਨ। ਇਸ ਵਾਰ ਪੰਜਾਬ ਦੀ ਵਿਧਾਨ ਸਭਾ ਵਿੱਚ ਜਿਸ ਤਰ੍ਹਾਂ ਧਮੱਚੜ ਪਾਇਆ ਗਿਆ, ਉਸ ਨੂੰ ਸੋਚਣ ਵੇਲੇ ਅਚਾਨਕ ਬਾਹਰ ਖੜੀ ਕਿਸੇ ਗੱਡੀ ਵਿੱਚ ਚੱਲਦੀ ਸੀ ਡੀ ਤੋਂ ਇਹ ਗਾਣਾ ਵੱਜ ਪਿਆ ਕਿ 'ਮੈਂ ਮਸੀਹਾ ਵੇਖਿਆ, ਬੀਮਾਰ ਤੇਰੇ ਸ਼ਹਿਰ ਦਾ। ਰੋਗ ਬਣ ਕੇ ਰਹਿ ਗਿਆ ਪਿਆਰ ਤੇਰੇ ਸ਼ਹਿਰ ਦਾ'। ਮੈਨੂੰ ਇੰਜ ਲੱਗਣ ਲੱਗ ਪਿਆ, ਜਿਵੇਂ ਗਾਣੇ ਦੇ ਅਜੋਕੇ ਬੋਲ 'ਰੋਗ ਬਣ ਕੇ ਰਹਿ ਗਿਆ ਪਿਆਰ ਤੇਰੇ ਸ਼ਹਿਰ ਦਾ' ਵਾਂਗ ਰਾਜਨੀਤੀ ਦੇ ਖੇਤਰ ਲਈ ਲਿਖਣੇ ਹੋਣ ਤਾਂ 'ਰੋਗ ਬਣ ਕੇ ਰਹਿ ਗਿਆ ਲੋਕ-ਰਾਜ ਤੇਰੇ ਦੇਸ਼ ਦਾ' ਲਿਖਣ ਦੀ ਗੁਸਤਾਖੀ ਕੀਤੀ ਜਾ ਸਕਦੀ ਹੈ। ਉਂਜ ਇਹ ਗੀਤ ਨਹੀਂ ਹੋਣਾ, ਸ਼ਿਵ ਬਟਾਲਵੀ ਦੇ ਗੀਤ ਦੀ ਪੈਰੋਡੀ ਹੋਵ-ੇਗਾ, ਪਰ ਜੋ ਕੁਝ ਭਾਰਤ ਵਿੱਚ ਸਾਨੂੰ ਵੇਖਣਾ ਪੈ ਰਿਹਾ ਹੈ, ਉਹ ਵੀ ਕੋਈ ਲੋਕ-ਰਾਜ ਨਹੀਂ, ਲੋਕ-ਰਾਜ ਦੀ ਇੱਕ ਪੈਰੋਡੀ ਵਰਗਾ ਹੀ ਹੈ, ਅਸਲੀ ਲੋਕ-ਰਾਜ ਤਾਂ ਕਿਸੇ ਖੂੰਜੇ ਬੈਠਾ ਅੱਖਾਂ ਵਿੱਚ ਘਸੁੰਨ ਦੇ ਕੇ ਰੋਂਦਾ ਹੋਵੇਗਾ ਕਿ ਜੇ ਮੇਰੇ ਉੱਤੇ ਆਹ ਦਿਨ ਹੀ ਆਉਣੇ ਸਨ ਤਾਂ ਇਹੋ ਜਿਹੇ ਦੇਸ਼ ਵਿੱਚ ਆਉਣ ਦੀ ਲੋੜ ਕੀ ਸੀ!

# ਘਰ-ਘਰ ਰੁੱਖ ਦੇਵੇ ਹਰ ਸੁੱਖ



ਗੁਰਸੇਵਕ ਰੰਧਾਵਾ

ਮਨੁੱਖ ਅਤੇ ਰੁੱਖ ਦਾ ਰਿਸ਼ਤਾ ਬੜਾ ਗਹਿਰਾ ਅਤੇ ਸਦੀਵੀ ਹੈ। ਰੁੱਖ ਤੇ ਮਨੁੱਖ ਸਾਹਾਂ ਦੇ ਸਾਂਝੀ ਹਨ। ਇੱਕ ਤੋਂ ਬਿਨਾਂ ਦੂਸਰੇ ਦੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਜਨਮ ਤੋਂ ਲੈ ਕੇ ਮਰਨ ਤੱਕ ਰੁੱਖ ਮਨੁੱਖ ਦੇ ਅੰਗ-ਸੰਗ ਰਹਿਣ ਦਾ ਫਰਜ਼ ਨਿਭਾਉਂਦਾ ਆ ਰਿਹਾ ਹੈ। ਰੁੱਖ ਕੁਦਰਤ ਵਲੋਂ ਬਖਸ਼ੀ ਅਣਮੁੱਲੀ ਦਾਤ ਹੈ। ਰੁੱਖ ਤੇ ਮਨੁੱਖ ਇਕ ਦੂਜੇ ਤੇ ਨਿਰਭਰ ਹਨ ਭਾਵ ਕੇ ਰੁੱਖਾਂ ਤੋਂ ਸਾਨੂੰ ਆਕਸੀਜਨ ਮਿਲਦੀ ਹੈ ਅਤੇ ਬਦਲੇ ਵਿਚ ਅਸੀਂ ਉਹਨਾਂ ਨੂੰ ਕਾਰਬਨ ਡਾਈਆਕਸਾਈਡ ਦਿੰਦੇ ਹਾਂ ਅਸੀਂ ਇੱਥੋਂ ਤੱਕ ਕਹਿ ਸਕਦੇ ਹਾਂ ਕੇ ਪ੍ਰਿਥਵੀ ਦਾ ਜੀਵਨ ਰੁੱਖਾਂ ਦੀ ਹੋਂਦ ਨਾਲ ਹੀ ਚੱਲਦਾ ਰਹਿ ਸਕਦਾ ਹੈ। ਕਿਉਂਕਿ ਰੁੱਖ ਪ੍ਰਿਥਵੀ ਦੇ ਤਾਪਮਾਨ ਨੂੰ ਨਿਰੰਤਰਣ ਵਿਚ ਰੱਖਦੇ ਹਨ। ਇਸ ਲਈ ਜੇ ਧਰਤੀ ਉੱਤੇ ਰੁੱਖ ਨਹੀਂ ਹੋਣਗੇ ਤਾਂ ਧਰਤੀ ਦਾ ਤਾਪਮਾਨ ਲਗਾਤਾਰ ਵੱਧਦਾ ਹੀ ਚਲਾ ਜਾਵੇਗਾ ਤੇ ਉਹ ਇੰਨੀ ਗਰਮ ਹੋ ਜਾਵੇਗੀ ਕਿ ਉਸ 'ਤੇ ਜੀਵਨ ਮੁਸ਼ਕਲ ਹੋ ਜਾਵੇਗਾ। ਪਰੰਤੂ ਅਜੋਕੇ ਸਮੇਂ 'ਚ ਇਹ ਸਮੱਸਿਆ ਬਹੁਤ ਹੀ ਵੱਧ ਚੁੱਕੀ ਹੈ। ਮਨੁੱਖ ਨੇ ਰੁੱਖਾਂ ਪ੍ਰਤੀ ਆਪਣੇ ਫਰਜ਼ਾਂ ਤੋਂ ਬੁਰੀ ਤਰ੍ਹਾਂ ਕਿਨਾਰਾ ਕਰ ਲਿਆ ਹੈ। ਜਿਸ ਕਰਕੇ ਮਨੁੱਖੀ ਹੋਂਦ ਅਤੇ ਜੰਗਲੀ ਜੀਵਨ ਸਮੱਸਿਆਂ ਦੇ ਘੇਰੇ ਵਿਚ ਆ ਗਏ ਹਨ। ਪ੍ਰਦੂਸ਼ਣ ਲਗਾਤਾਰ ਦਿਨੋਂ-ਦਿਨ ਵੱਧਦਾ ਜਾ ਰਿਹਾ ਹੈ ਅਤੇ ਹਵਾ ਦੀ ਗੁਣਵੱਤਾ 'ਚ ਗਿਰਵਾਟ ਆ ਰਹੀ ਹੈ ਜਿਸ ਕਾਰਨ ਬਹੁਤ ਸਾਰੀਆਂ ਭਿਆਨਕ ਬਿਮਾਰੀਆਂ ਦਾ ਪਸਾਰ ਹੋ ਰਿਹਾ ਹੈ ਅਤੇ ਮਨੁੱਖ ਦੀ ਉਮਰ ਵੀ ਲਗਾਤਾਰ ਘੱਟਦੀ ਜਾ ਰਹੀ ਹੈ। ਮਨੁੱਖ ਦੇ ਲਾਲਚ ਸਦਕਾ ਜੰਗਲੀ ਜੀਵਨ ਹੇਠ ਆਉਂਦਾ ਰਕਬਾ ਲਗਾਤਾਰ ਖ਼ਤਮ ਹੁੰਦਾ ਜਾ ਰਿਹਾ ਹੈ ਜੋ ਕਿ ਇੱਕ ਵੱਡੀ ਚਿੰਤਾ ਦਾ ਵਿਸ਼ਾ ਬਣ ਚੁੱਕਾ ਹੈ। ਇਕ ਰਿਪੋਰਟ ਮੁਤਾਬਕ ਦੁਨੀਆਂ ਵਿਚ ਲਗਪਗ ਸੱਤ ਮਿਲੀਅਨ ਲੋਕਾਂ ਦੀ ਮੌਤ ਹਵਾ ਪ੍ਰਦੂਸ਼ਣ ਦੇ ਕਾਰਨ ਹੋ ਜਾਂਦੀ ਹੈ। ਰੁੱਖ ਮੁਫ਼ਤ 'ਚ ਹਵਾ ਨੂੰ ਸਵੱਛ ਕਰਨ ਦਾ ਕੰਮ ਕਰਦੇ ਹਨ ਪਰ ਫਿਰ ਵੀ ਅਸੀਂ ਰੁੱਖਾਂ ਦੇ ਯੋਗਦਾਨ ਨੂੰ ਅਣਗੌਲਿਆ ਕਰ ਦਿੰਦੇ ਹਾਂ। ਰੁੱਖਾਂ ਦੀ ਘਾਟ ਕਾਰਨ ਰੁੱਤਾਂ ਉੱਤੇ ਵੀ ਇਸ ਦਾ ਪ੍ਰਭਾਵ ਦਿਨੋਂ-ਦਿਨ ਵੱਧ ਰਿਹਾ ਹੈ। ਰੁੱਖਾਂ ਦੀ ਕਮੀ ਕਾਰਨ ਵਰਖਾ ਦੀ ਮਾਤਰਾ ਵੀ ਸਥਿਰ ਨਹੀਂ ਰਹੀ। ਹੁਣ ਕਿਤੇ ਬਹੁਤ ਜ਼ਿਆਦਾ ਵਰਖਾ ਹੋ ਜਾਂਦੀ ਹੈ ਜਦੋਂਕਿ ਕਿਤੇ ਸੋਕੇ ਵਰਗੇ ਹਾਲਾਤ ਬਣ ਜਾਂਦੇ ਹਨ। ਸਾਡਾ ਦੇਸ਼ ਖੇਤੀ ਪ੍ਰਧਾਨ ਮੁਲਕ ਹੈ। ਇੱਥੇ ਵੱਖ-ਵੱਖ ਤਰ੍ਹਾਂ ਦੀਆਂ ਫ਼ਸਲਾਂ ਪੈਦਾ ਕੀਤੀਆਂ ਜਾਂਦੀਆਂ ਹਨ ਪਰ ਪਿਛਲੇ ਕੁਝ ਦਹਾਕਿਆਂ ਤੋਂ ਭੂਮੀ ਦੀ ਉਪਜਾਊ ਸ਼ਕਤੀ ਵਿਚ ਕਮੀ ਦਰਜ਼ ਕੀਤੀ ਗਈ ਹੈ। ਰਸਾਇਣਕ ਖਾਦਾਂ ਤੋਂ ਇਲਾਵਾ ਇਸ ਦਾ ਇਕ ਹੋਰ ਮੁੱਖ ਕਾਰਨ ਰੁੱਖਾਂ ਦੀ ਕਟਾਈ ਵੀ ਸ਼ਾਮਿਲ ਹੈ।

ਸੋ ਅੱਜ ਲੋੜ ਹੈ ਇਕ-ਇਕ ਰੁੱਖ ਬਚਾਉਣ ਦੀ ਅਤੇ ਹਰ ਇੱਕ ਮਨੁੱਖ ਨੂੰ ਹੰਭਲਾ ਮਾਰਨ ਦੀ ਕਿ ਉਹ ਆਪਣੇ ਘਰਾਂ ਵਿੱਚ ਇੱਕ ਰੁੱਖ ਜ਼ਰੂਰ ਲਾਉਣ ਅਤੇ ਉਸਦੀ ਪਰਿਵ-ਾਰਿਕ ਮੈਂਬਰ ਵਾਂਗ ਸਾਂਭ-ਸੰਭਾਲ ਕਰਨ। ਇਹ ਜ਼ਰੂਰੀ ਹੈ ਕਿ ਹਰ ਵਿਅਕਤੀ ਰੁੱਖਾਂ ਦੀ ਮਹੱਤਤਾ ਨੂੰ ਸਮਝੇ 'ਤੇ ਕੁਦਰਤ ਨਾਲ ਪਿਆਰ ਕਰੇ। ਰੁੱਖ ਜੇ ਘਰਾਂ ਦੀ ਰੌਣਕ ਹਨ ਤਾਂ ਇਨ੍ਹਾਂ ਉਪਰ ਵੱਸਦੇ ਪੰਛੀ ਵਿਹੜੇ ਦਾ ਸ਼ਿੰਗਾਰ ਹਨ, ਜਿਵੇਂ ਕਹਿੰਦੇ ਹਨ, ਕਾਂ ਵੀ ਵੱਸਦੇ ਘਰ ਦੇ ਬਨੇਰੇ 'ਤੇ ਹੀ ਬੈਠਦਾ ਹੈ, ਉਸੇ ਤਰ੍ਹਾਂ ਰੁੱਖ ਵੀ ਵੱਸਦੇ ਵਿਹੜੇ ਦੀ ਰੌਣਕ ਹੁੰਦੇ ਹਨ। ਉੱਜੜੇ ਵਿਹੜੇ ਵਿਚ ਰੁੱਖ ਨਹੀਂ, ਜੰਗਲ ਹੁੰਦਾ ਹੈ। ਰੁੱਖਾਂ ਹੇਠ ਹੀ ਕਦੇ ਸੱਥਾਂ ਜੁੜਦੀਆਂ ਸਨ, ਤੀਆਂ ਦੇ ਮੇਲੇ ਲੱਗਦੇ ਸਨ, ਮੁਟਿਆਰਾਂ ਪੀਂਘਾਂ ਝੂਟਦੀਆਂ ਸਨ, ਗਿੱਧੇ ਦਾ ਪਿੜ ਬੱਝਦਾ ਸੀ, ਗੀਤਾਂ ਦੀ ਛਹਿਬਰ ਲੱਗਦੀ ਸੀ ਅਤੇ ਅਤਿ ਦੀਆਂ ਗਰਮੀਆਂ ਵਿੱਚ ਲੋਕ ਇਨ੍ਹਾਂ ਰੁੱਖਾਂ ਦੀ ਠੰਢੀ ਮਿੱਠੀ ਛਾਂ ਦਾ ਆਨੰਦ ਮਾਣਿਆ ਕਰਦੇ ਸਨ। ਪਰੰਤੂ ਧਰਤੀ ਉਤੇ ਹੋ ਰਹੇ ਵਿਨਾਸ਼ ਨੂੰ ਸੱਦਾ ਵੀ ਮਨੁੱਖ ਨੇ ਹੀ ਦਿੱਤਾ ਹੈ, ਹੁਣ ਇਸ ਨੂੰ ਰੋਕਣ ਦਾ ਉਪਰਾਲਾ ਵੀ ਮਨੁੱਖ ਨੂੰ ਹੀ ਕਰਨਾ ਪਵੇਗਾ ਅਤੇ ਬਣਾਉਟੀ ਪੌਦਿਆਂ ਦੀ ਸਜ਼ਾਵਟ ਘਰਾਂ 'ਚ ਕਰਨ ਦੀ ਥਾਂ ਅਸਲ ਰੁੱਖ ਲਾਉਣ ਦਾ ਉੱਦਮ ਜ਼ਰੂਰ ਕਰਨਾ ਪਵੇਗਾ ਅਤੇ ਇਸਨੂੰ ਇੱਕ ਲਹਿਰ ਦਾ ਰੂਪ ਦੇਣਾ ਪਵੇਗਾ। ਜਿਸ ਨਾਲ ਆਮ ਲੋਕ ਜਾਗਰੂਕ ਹੋਣ ਅਤੇ ਘਰ-ਘਰ ਰੁੱਖ ਲਾਉਣ ਦਾ ਉਪਰਾਲਾ ਕੀਤਾ ਜਾਵੇ ਕਿਉਂਕਿ ਰੁੱਖਾਂ ਨਾਲ ਹੀ ਮਨੁੱਖ ਦੀ ਜ਼ਿੰਦਗੀ ਵਿੱਚ ਖੁਸ਼ਹਾਲੀ ਆਵੇਗੀ ਅਤੇ ਵਾਤਾਵਰਣ ਸਾਫ਼ ਹੋਣ ਨਾਲ ਬਹੁਤ ਸਾਰੀਆਂ ਘਾਤਕ ਬਿਮਾਰੀਆਂ ਤੋਂ ਨਿਜਾਤ ਮਿਲੇਗੀ। ਜੇਕਰ ਇਸ ਨੂੰ ਅੱਜ ਵੀ ਅਣਗੌਲਿਆਂ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ 'ਚ ਮਨੁੱਖਤਾ ਨੂੰ ਬਹੁਤ ਪ੍ਰਭਾਵੀ ਸੰਕਟਾਂ 'ਚੋਂ ਗੁਜ਼ਰਨਾ ਪਵੇਗਾ।

# ਸੋਸ਼ਲ ਮੀਡੀਆ 'ਤੇ ਕਿਸਾਨੀ ਅੰਦੋਲਨ !



ਹਰਮਨਪ੍ਰੀਤ ਸਿੰਘ, ਸਰਹਿੰਦ,
ਸੰਪਰਕ : 9855010005



ਭਾਰਤ ਵਿੱਚ ਪੰਜਾਬ ਤੋਂ ਉਠਿਆ ਕਿਸਾਨੀ ਅੰਦੋਲਨ ਅੱਜ ਦੇਸ਼ ਪੱਧਰ ਦਾ ਨਾ ਹੋ ਕੇ ਵਿਸ਼ਵ ਪੱਧਰ ਦਾ ਅੰਦੋਲਨ ਬਣ ਚੁੱਕਾ ਹੈ। ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਨੌਜਵਾਨ ਵਰਗ ਅਹਮ ਭੂਮਿਕਾ ਨਿਭਾ ਰਿਹਾ ਹੈ। ਇਕ ਸਮਾਂ ਸੀ ਪੁਰਾਣੇ ਸਮਿਆਂ "ਚ ਜਦੋਂ ਸਾਡੇ ਕਿਸਾਨ ਆਗੂ ਖੇਤੀ ਸਬੰਧੀ ਸਮੱਸਿਆਵਾ ਦੇ ਹੱਲ ਲਈ ਚੰਡੀਗੜ੍ਹ ਦੀਆਂ ਬਰੂਹਾਂ ਤੇ ਧਰਨੇ ਲਾਅ ਮੁੜ ਆਉਂਦੇ ਸਨ, ਪਿੰਡਾਂ ਵਿਚ ਵੀ ਕਿਸਾਨੀ ਦਾ ਝੰਡਾ ਟਾਵਾਂ-ਟਾਵਾਂ ਹੀ ਕੋਈ ਚੁੱਕਦਾ ਸੀ। ਮੌਜੂਦਾ ਸਮੇਂ ਨੌਜਵਾਨ ਵਰਗ ਵਧਾਈ ਦਾ ਪਾਤਰ ਹੈ ਕਿਉ ਕਿ ਕਿਸਾਨੀ ਅੰਦੋਲਨ ਵਿਚ ਨੌਜਵਾਨਾਂ ਦੇ ਆਉਣ ਨਾਲ ਇਹ ਅੰਦੋਲਨ ਸਿਖਰਾਂ ਤੇ ਪੁੱਜ ਗਿਆ ਹੈ। ਹੁਣ ਕਿਸਾਨੀ ਝੰਡਾ ਟ੍ਰੈਕਟਰ,ਕਾਰਾ, ਮੋਟਰ ਸਾਈਕਲ, ਘਰਾਂ ਆਦਿ ਤੇ ਲਗਾ ਹਰ ਕੋਈ ਮਾਨ ਮਹਿਸੂਸ ਕਰਦਾ ਹੈ ਤੇ ਕਿਸਾਨ ਅੰਦੋਲਨ ਪ੍ਰਤੀ ਆਪਣੀਆਂ ਸ਼ੁਭ ਭਾਵਨਾਵਾਂ ਪ੍ਰਗਟ ਕਰਦਾ ਨਜ਼ਰ ਆਉਂਦਾ ਹੈ। ਨੌਜਵਾਨ ਵਰਗ ਵੱਲੋਂ ਟਵੀਟ ਰਾਹੀ ਕਿਸਾਨ ਅੰਦੋਲਨ ਦਾ ਸਮਰਥਨ ਵੱਧ ਚੜ੍ਹ ਕੇ ਕੀਤਾ ਜਾ ਰਿਹਾ ਹੈ, ਅਸੀਂ ਕਹਿ ਸਕਦੇ ਹਾਂ ਕਿ ਇਸ ਅੰਦੋਲਨ ਨੇ ਨੌਜਵਾਨ ਵਰਗ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ, ਤੇ ਨਾਲ ਹੀ ਨੌਜਵਾਨ ਵਰਗ ਨੇ ਅੰਦੋਲਨ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ। ਕਿਸਾਨੀ ਅੰਦੋਲਨ ਬਾਰੇ ਸੋਸ਼ਲ ਮੀਡੀਆ 'ਤੇ ਵੱਡੀਆਂ-ਵੱਡੀਆਂ ਅੰਤਰ-ਰਾਸ਼ਟਰੀ ਹਸਤੀਆਂ ਵੀ ਕਿਸਾਨ ਅੰਦੋਲਨ ਦੇ ਹੱਕ ਵਿੱਚ ਆ ਰਹੀਆਂ ਹਨ। ਇਨ੍ਹਾਂ ਹਸਤੀਆਂ ਵਿੱਚ ਰਿਹਾਨਾ, ਗਰੇਟਾ ਥਨਬਰਗ, ਮੀਆਂ ਖਲੀਫਾ ਅਤੇ ਮੀਨਾ ਹੈਰਿਸ ਤੋਂ ਬਾਅਦ ਟਵਿਟਰ ਦੇ ਸੀਈਓ ਜੈਕ ਡੋਰਸੀ ਵੀ ਕਿਸਾਨੀ ਅੰਦੋਲਨ ਨੂੰ ਸਮਰਥਨ ਦੇ ਰਹੇ ਹਨ। ਉਨ੍ਹਾਂ ਨੇ ਰਿਹਾਨਾ ਦੇ ਕਿਸਾਨਾਂ ਲਈ ਕੀਤੇ ਟਵਿਟ ਨੂੰ ਲਾਈਕ ਕੀਤਾ ਹੈ। ਉੱਥੇ ਹੀ ਹੁਣ ਯੂ ਐਨ ਹਿਊਮਨ ਰਾਈਟਸ ਵੱਲੋਂ ਵੀ ਕਿਸਾਨ ਅੰਦੋਲਨ ਤੇ ਟਵੀਟ ਕੀਤਾ ਹੈ। ਹਿਊਮਨ ਰਾਈਟਸ ਨੇ ਭਾਰਤ ਵਿਚ ਕਿਸਾਨਾਂ ਦੇ ਅੰਦੋਲਨ'ਤੇ ਲਿਖਿਆ ਹੈ ਕਿ "ਅਸੀਂ ਅਧਿਕਾਰੀਆਂ ਅਤੇ ਪ੍ਰਦਰਸ਼ਨਕਾਰੀਆਂ ਨੂੰ ਚੱਲ ਰਹੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਵਿਚ ਵੱਧ ਤੋਂ ਵੱਧ ਸੰਜਮ ਵਰਤਣ ਦੀ ਅਪੀਲ ਕਰਦੇ ਹਾਂ" ਦਿੱਲੀ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਲਈ ਅੰਤਰਰਾਸ਼ਟਰੀ ਹਸਤੀਆਂ ਵਲੋਂ ਲਗਾਤਾਰ ਸਮਰਥਨ ਦਿੱਤਾ ਜਾ ਰਿਹਾ ਹੈ।ਕਿਸਾਨ ਆਗੂਆਂ ਤੇ ਅੰਦੋਲਨ ਕਰ ਰਹੇ ਹਰ ਇਕ ਵਿਅਕਤੀ ਲਈ ਇਹ ਮਾਣ ਵਾਲੀ ਗੱਲ ਹੈ ਕਿ ਦੁਨੀਆ ਦੀਆਂ ਦਿੱਗਜ਼ ਹਸਤੀਆਂ ਕਿਸਾਨਾਂ ਪ੍ਰਤੀ ਸੰਵੇਦਨਸ਼ੀਲਤਾ ਦਿਖਾ ਰਹੀਆਂ ਹਨ ਪਰ ਦੂਜਾ ਪਾਸੇ ਇਹ ਮੰਦਭਾਗਾ ਵੀ ਹੈ ਕਿ ਭਾਰਤ ਸਰਕਾਰ ਕਿਸਾਨ, ਮਜ਼ਦੂਰਾਂ ਤੇ ਅੰਦੋਲਨ ਨਾਲ ਜੁੜੇ ਲੋਕਾਂ ਦੇ ਦਰਦ ਨੂੰ ਨਹੀਂ ਸਮਝ ਰਹੀ। ਭਾਰਤ ਵਿੱਚ ਜ਼ਿਆਦਾਤਰ ਲੋਕ ਕਿਸਾਨ ਹਨ, ਤੇ ਬਹੁਤ ਲੋਕ ਸਿੱਧੇ ਅਤੇ ਅਸਿੱਧੇ ਢੰਗ ਨਾਲ ਕਿਸਾਨੀ ਨਾਲ ਜੁੜੇ ਹੋਏ ਹਨ। ਸਾਨੂੰ ਸਭ ਨੂੰ ਅੰਦੋਲਨ ਦੀ ਆਵਾਜ਼ ਬਣਨਾ ਚਾਹੀਦਾ ਹੈ। ਹੁਣ ਸੋਸ਼ਲ ਮੀਡੀਆ 'ਤੇ ਪੂਰੀ ਦੁਨੀਆ ਦੇਖ ਰਹੀ ਹੈ ਕਿਸਾਨਾਂ ਦਾ ਅੰਦੋਲਨ, ਕਿਸਾਨਾਂ ਦੀ ਸਿਆਣਪ, ਕਿਸਾਨਾਂ ਦੀ ਸੰਵੇਦਨਸ਼ੀਲਤਾ, ਕਿਸਾਨਾਂ ਦੀ ਹਲੀਮੀ, ਕਿਸਾਨਾਂ ਦੀ ਮੁਹੱਬਤ, ਕਿਸਾਨਾਂ ਦੀ ਭਾਈਚਾਰਕ ਸਾਂਝ ਤੇ ਦੇ ਰਹੀ ਹੈ ਆਪਣੇ ਵਿਚਾਰ ਇਹ ਇਕ ਨਵੇਕਲੀ ਕਿਸਮ ਦਾ ਅੰਦੋਲਨ ਬਣਦਾ ਨਜ਼ਰ ਆ ਰਿਹਾ ਹੈ। ਇਕ ਦਿਨ ਆਵੇਗਾ ਜਦੋ ਇਹ ਸਭ ਗੱਲਾਂ, ਇਸ ਅੰਦੋਲਨ ਦੀਆਂ ਘਟਨਾਵਾਂ ਇਤਿਹਾਸ ਵਿੱਚ ਲਿਖੀਆਂ ਜਾਣਗੀਆਂ।

# ਦੰਗਾ ਫਸਾਦ ਅਤੇ ਅੰਧੇਰ ਨਗਰੀ ਚੌਪਟ ਰਾਜਾ ਦੀ ਮਿਸਾਲ

-ਪੂਰਨ ਚੰਦ ਸਰੀਨ-

ਭਾਰਤ ਵਿੱਚ ਦੰਗੇ, ਖਾਸ ਕਰ ਕੇ ਉਹ, ਜਿਨ੍ਹਾਂ ਦਾ ਆਧਾਰ ਵੱਖ-ਵੱਖ ਧਰਮਾਂ ਵਾਲਿਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਲੱਗਣਾ ਹੋਵੇ ਅਤੇ ਅਚਾਨਕ ਉਹ ਇੱਕ-ਦੂਸਰੇ ਦੇ ਗੁਆਂਢੀ ਰਹੇ, ਅਚਾਨਕ ਦੁਸ਼ਮਣ ਕਿਉਂ ਬਣ ਗਏ? ਜਿੱਥੋਂ ਤੱਕ ਦੰਗਿਆਂ ਦਾ ਇਤਿਹਾਸ ਹੈ, ਇਸ ਦੀ ਸ਼ੁਰੂਆਤ ਭਾਰਤ ਦੀ ਵੰਡ ਦੌਰਾਨ ਹੋਏ ਭਿਆਨਕ ਖ਼ੂਨ-ਖ਼ਰਾਬੇ ਤੋਂ ਲੈ ਕੇ ਫਰਵਰੀ 2020 ਵਿੱਚ ਦਿੱਲੀ ਦੇ ਇੱਕ ਖਾਸ ਇਲਾਕੇ 'ਚ ਹੋਈ ਹਿੰਦੂ-ਮੁਸਲਿਮ ਝੜਪ ਤੱਕ ਜਾਂਦੀ ਹੈ। ਜੋ ਪੀੜ੍ਹੀ ਇਨ੍ਹਾਂ ਦੰਗਿਆਂ ਦੀ ਗਵਾਹ ਰਹੀ ਅਤੇ ਜਿਨ੍ਹਾਂ ਨੇ ਅੱਖਾਂ ਸਾਹਮਣੇ ਵੱਢ-ਟੁੱਕ ਹੁੰਦੀ ਦੇਖੀ ਹੈ, ਇਸ ਗੱਲ ਨਾਲ ਸਹਿਮਤ ਹੋਣਗੇ ਕਿ ਇਨ੍ਹਾਂ ਦੇ ਪਿੱਛੇ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਇੱਕ ਅਜਿਹੀ ਅਫਵਾਹ ਫੈਲਾ ਦਿੱਤੀ ਜਾਂਦੀ ਹੈ ਜੋ ਇੱਕਦਮ ਝੂਠ ਹੁੰਦੀ ਹੈ, ਪਰ ਲੋਕਾਂ ਨੂੰ ਸੱਚੀ ਲੱਗਦੀ ਹੈ ਅਤੇ ਜਦ ਤੱਕ ਸੱਚਾਈ ਸਾਹਮਣੇ ਆਵੇ, ਤਦ ਤੱਕ ਢਹਿ-ਢੇਰੀ ਹੋ ਚੁੱਕਾ ਹੁੰਦਾ ਹੈ।

ਸਰਕਾਰ ਉੱਤੇ ਸਵਾਲ ਉਠਦਾ ਹੈ ਕਿ ਇਸ ਕਿਸਮ ਦੀਆਂ ਅਫਵਾਹਾਂ ਨੂੰ ਫੈਲਣ ਤੋਂ ਰੋਕਣ ਲਈ ਸਾਡਾ ਖੁਫੀਆ ਸਰਕਾਰੀ ਤੰਤਰ ਕੀ ਕਰ ਰਿਹਾ ਸੀ, ਉਸ ਨੂੰ ਇਸ ਦੀ ਭਿਣਕ ਤੱਕ ਨਹੀਂ ਲੱਗੀ ਅਤੇ ਜੇ ਉਸ ਨੂੰ ਪਤਾ ਸੀ ਤਾਂ ਸਮੇਂ 'ਤੇ ਕਾਰਵਾਈ ਕਿਉਂ ਨਹੀਂ ਕੀਤੀ? ਕੀ ਉਸ 'ਤੇ ਕਿਸੇ ਤਰ੍ਹਾਂ ਦਾ ਦਬਾਅ ਸੀ ਕਿ ਹੱਥ 'ਤੇ ਹੱਥ ਰੱਖ ਕੇ ਬੈਠ ਜਾਵੇ ਅਤੇ ਕੁਝ ਨਾ ਕਰੇ। ਕੀ ਅਫਵਾਹ ਨਾਲ ਹੋਣ ਵਾਲੇ ਨੁਕਸਾਨ ਦਾ ਅੰਦਾਜ਼ਾ ਤੱਕ ਨਹੀਂ ਲਾ ਸਕੀ ਤੇ ਇਸ ਲਈ ਉਸ ਨੇ ਇਸ ਨੂੰ ਹਲਕੇ ਵਿੱਚ ਲੈ ਕੇ ਕੁਝ ਨਹੀਂ ਕੀਤਾ?

ਇਨ੍ਹਾਂ ਸਵਾਲਾਂ ਦੇ ਜਵਾਬ ਜਾਣਨ ਤੋਂ ਪਹਿਲਾਂ ਸਮਝ ਲਓ ਕਿ ਭਾਰਤ ਦਾ ਖੁਫੀਆ ਤੰਤਰ ਬੜਾ ਵਿਸ਼ਾਲ ਹੈ ਅਤੇ ਅਜਿਹਾ ਸੰਭਵ ਨਹੀਂ ਕਿ ਕੋਈ ਅਫਵਾਹ ਉਸਦੀ ਜਾਣਕਾਰੀ 'ਚ ਆਉਣ ਤੋਂ ਬਚ ਜਾਵੇ। ਇੱਥੇ ਸੀ ਬੀ ਆਈ ਇੰਟਰਪੋਲ ਦੇ ਬਰਾਬਰ ਹੈ, ਐਨ ਆਈ ਏ ਕਿਤੇ ਵੀ ਜਾ ਕੇ ਕਿਸੇ ਨੂੰ ਜ਼ਰਾ ਜਿੰਨਾ ਸ਼ੱਕ ਹੋਣ 'ਤੇ ਹਿਰਾਸਤ 'ਚ ਲੈ ਸਕਦੀ ਹੈ, ਸੂਬਿਆਂ ਦੀਆਂ ਆਪਣੀਆਂ ਸੀ ਆਈ ਡੀ ਟੀਮਾਂ ਹਨ, ਰਾਅ ਕੌਮਾਂਤਰੀ ਸਾਜ਼ਿਸ਼ਾਂ ਦੀ ਨਿਗਰਾਨੀ ਕਰਦੀ ਹੈ। ਇਹ ਸਭ ਸੰਸਥਾਵਾਂ ਲੱਗਭਗ 25 ਹਨ, ਜਿਨ੍ਹਾਂ 'ਚ ਇੰਨਕਮ ਟੈਕਸ, ਆਰਥਿਕ ਘਪਲੇ, ਸੂਚਨਾ ਤੰਤਰ ਦਾ ਕੰਟਰੋਲ ਅਤੇ ਸਭ ਕੁਝ ਆਉਂਦਾ ਹੈ। ਇਨ੍ਹਾਂ ਸੰਸਥਾਵਾਂ 'ਤੇ ਅਪਰਾਧਾਂ ਨੂੰ ਹੋਣ ਤੋਂ ਪਹਿਲਾਂ ਰੋਕਣ ਅਤੇ ਜੇਕਰ ਹੋ ਜਾਣ ਤਾਂ ਅਪਰਾਧੀਆਂ ਨੂੰ ਫੜਨ ਤੇ ਸਜ਼ਾ ਦਿਵਾਉਣ ਦੀ ਜ਼ਿੰਮੇਵਾਰੀ ਹੈ।

ਅਸੀਂ ਗੱਲ ਕਰਦੇ ਹਾਂ ਪਿਛਲੇ ਸਾਲ ਦਿੱਲੀ 'ਚ ਹੋਏ ਦੰਗਿਆਂ ਬਾਰੇ ਫਿਲਮਕਾਰ ਕਮਲੇਸ਼ ਮਿਸ਼ਰਾ ਦੀ ਫਿਲਮ ਦੀ ਜੋ ਉਨ੍ਹਾਂ ਨੇ ਦੰਗਿਆਂ ਦੇ ਬਾਅਦ ਬਣਾਈ ਸੀ, ਪਰ ਲਾਕਡਾਊਨ ਦੇ ਕਾਰਨ ਬੀਤੇ ਦਿਨੀਂ ਦਰਸ਼ਕਾਂ ਨੂੰ ਦਿਖਾ ਸਕੇ ਹਨ। ਉਨ੍ਹਾਂ ਦੇ ਸੱਦੇ 'ਤੇ ਫਿਲਮ ਦੇਖੀ ਅਤੇ ਕੁਝ ਸਵਾਲ ਮਨ 'ਚ ਆਏ, ਜੋ ਜਾਣਨੇ ਜ਼ਰੂਰੀ ਹਨ। ਇਸ ਫ਼ਿਲਮ 'ਚ ਦੰਗਿਆਂ ਦੌਰਾਨ ਹੋਈ ਤਬਾਹੀ ਦੇ ਦ੍ਰਿਸ਼ ਹਨ। ਇਸ ਤਰ੍ਹਾਂ ਸਾਲਾਂ ਤੋਂ ਨਾਲ ਰਹਿ ਰਹੇ ਗੁਆਂਢੀ ਅਚਾਨਕ ਇੱਕ-ਦੂਸਰੇ ਦੀ ਜਾਨ ਲੈਣ 'ਤੇ ਉਤਰ ਆਏ। ਜੋ ਲੋਕ ਮਾਰੇ ਗਏ, ਉਨ੍ਹਾਂ ਦੇ ਪਰਵਾਰ ਦੇ ਲੋਕਾਂ ਦਾ ਦਿਲ-ਕੰਬਾਊ ਵਿਰਲਾਪ ਹੈ, ਅੱਖਾਂ ਨੂੰ ਨਮ ਕਰਨ ਵਾਲੇ ਅਤੇ ਮਨ ਵਿੱਚ ਕ੍ਰੋਧ ਦਾ ਉਬਾਲ ਪੈਦਾ ਕਰ ਸਕਣ ਦੀ ਤਾਕਤ ਰੱਖਦੇ ਬਿਆਨ ਹਨ, ਕਰੋੜਾਂ ਦੀ ਜਾਇਦਾਦ ਸਵਾਹ 'ਚ ਮਿਲਾ ਦਿੱਤਾ ਜਾਣ ਅਤੇ ਆਪਣਾ ਕਾਰੋਬਾਰ, ਵਪਾਰ, ਦੁਕਾਨ, ਦਫ਼ਤਰ, ਸਕੂਲ, ਸਿੱਖਿਆ ਸੰਸਥਾਵਾਂ ਸਭ ਲੁੱਟ ਲਏ ਜਾਣ ਦੀ ਦਾਸਤਾਨ ਹੈ, ਜ਼ਿੰਦਗੀ ਭਰ ਦੀ ਕਮਾਈ ਤਬਾਹ ਕਰ ਦਿੱਤੇ ਜਾਣ ਦੇ ਸਬੂਤ ਹਨ, ਮਰਦਾਂ, ਔਰਤਾਂ, ਬੱਚਿਆਂ ਦੀਆਂ ਅੱਖਾਂ 'ਚ ਬੇਵਸੀ ਦੀ ਝਲਕ ਹੈ ਅਤੇ ਅਜਿਹਾ ਬਹੁਤ ਕੁਝ ਹੈ, ਜੋ ਕਿਸੇ ਵੀ ਸੋਚਣ ਲਈ ਮਜਬੂਰ ਕਰ ਦੇਵੇ ਕਿ ਅਸੀਂ ਕਿਹੜੇ ਯੁੱਗ 'ਚ ਜੀਅ ਰਹੇ ਹਾਂ ਅਤੇ ਕੀ ਬਿਨ੍ਹਾਂ ਡਰੇ ਅਤੇ ਸਹਿਮੇ ਜੀਵਨ ਗੁਜ਼ਾਰਾ ਜਾ ਸਕਦਾ ਹੈ?

ਇਸ ਫਿਲਮ ਬਾਰੇ ਜ਼ਿਆਦਾ ਨਾ ਕਹਿੰਦੇ ਹੋਏ ਇਸ ਗੱਲ 'ਤੇ ਆਉਂਦੇ ਹਾਂ ਕਿ ਇਨ੍ਹਾਂ ਦੰਗਿਆਂ ਪਿੱਛੇ ਕੀ ਛੁਪਿਆ ਸੀ ਅਤੇ ਉਹ ਕਿਸੇ ਨੂੰ ਦਿਖਾਈ ਕਿਉਂ ਨਹੀਂ ਦਿੱਤਾ। ਜੇ ਪਤਾ ਸੀ ਤਾਂ ਪਹਿਲਾਂ ਤੋਂ ਕਾਰਵਾਈ ਕਿਉਂ ਨਹੀਂ ਹੋਈ? ਇਨ੍ਹਾਂ ਦੰਗਿਆਂ ਦੇ ਪਿਛੋਕੜ 'ਚ ਇੱਕ ਅਫਵਾਹ ਸੀ ਕਿ 5 ਮਾਰਚ ਨੂੰ ਮੁਸਲਮਾਨਾਂ ਨੂੰ ਦੇਸ਼ ਨਿਕ-ਾਲਾ ਦੇ ਦਿੱਤਾ ਜਾਵੇਗਾ, ਇਸ ਲਈ ਸਰਕਾਰ ਨੂੰ ਸਬਕ ਸਿਖਾਇਆ ਜਾਵੇ। ਇਸ ਦੇ ਲਈ ਸਮਾਂ ਅਤੇ ਤਰੀਕ ਅਜਿਹੀ ਤੈਅ ਕੀਤੀ ਗਈ ਜੋ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਕਹੇ ਜਾਣ ਵਾਲੇ ਦੇਸ਼ ਅਮਰੀਕਾ ਦੇ ਰਾਸ਼ਟਰਪਤੀ ਦੇ ਭਾਰਤ ਦੇ ਦੌਰੇ ਲਈ ਰੱਖੀ ਗਈ ਸੀ। ਇਸ ਨੂੰ ਓਦੋਂ ਸੁਰੱਖਿਆ ਏਜੰਸੀਆਂ ਦਾ ਧਿਆਨ ਵੰਡਣ ਦੀ ਕੋਸ਼ਿਸ਼ ਕਹੀ ਜਾ ਸਕਦੀ ਹੈ ਜਾਂ ਅਮਰੀਕਾ ਦੀਆਂ ਨਜ਼ਰਾਂ 'ਚ ਭਾਰਤ ਦਾ ਅਕਸ ਧੁੰਦਲਾ ਕਰਨ ਦਾ ਟੀਚਾ ਹੋ ਸਕਦਾ ਹੈ ਜਾਂ ਪੂਰੇ ਦੇਸ਼ ਨੂੰ ਫਿਰਕੂ ਹਿੰਸਾ 'ਚ ਝੋਕਣ ਦੀ ਕੋਸ਼ਿਸ਼ ਹੋ ਸਕਦੀ ਹੈ।

ਵਰਨਣ ਯੋਗ ਹੈ ਕਿ ਰਿਕਾਰਡ ਮੁਤਾ-ਬਕ ਲੱਗਭਗ 700 ਫ਼ੋਨ ਕਾਲ ਪੁਲਸ ਦਾ ਧਿਆਨ ਦਿਵਾਉਣ ਲਈ ਜਾਗਰੂਕ ਨਾਗਰਿਕਾਂ ਨੇ 23 ਫਰਵਰੀ ਨੂੰ ਕੀਤੀਆਂ ਸਨ, ਜਿਨ੍ਹਾਂ 'ਤੇ ਧਿਆਨ ਨਹੀਂ ਦਿੱਤਾ ਗਿਆ। ਉਸ ਤੋਂ ਪਹਿਲਾਂ ਸ਼ੱਕੀ ਸਮੱਗਰੀ ਲਿਜਾਣ ਅਤੇ ਕੁਝ ਖਾਸ ਥਾਵਾਂ 'ਤੇ ਰੱਖੇ ਜਾਣ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ। 5 ਮਾਰਚ ਦੀ ਅਫਵਾਹ ਦੀ ਜਾਣਕਾਰੀ ਪੂਰੇ ਤੰਤਰ ਨੂੰ ਸੀ ਤੇ ਨਾਗਰਿਕਤਾ ਕਾਨੂੰਨ ਦੇ ਵਿਰੁੱਧ ਅੰਦੋਲਨ ਚੱਲ ਰਿਹਾ ਸੀ ਅਤੇ ਸੁਰੱਖਿਆ ਏਜੰਸੀਆਂ ਤੋਂ ਇਸ ਦੀ ਜਾਣਕਾਰੀ ਹਰ ਨਾਗਰਿਕ ਨੂੰ ਸੀ ਅਤੇ ਉਸ ਨੂੰ ਆਪਣੀ ਜਾਨ ਅਤੇ ਜਾਇਦਾਦ ਦੀ ਰਖਵਾਲੀ ਕੀਤੇ ਜਾਣ ਦਾ ਭਰੋਸਾ ਸੀ।

ਇਹ ਸਭ ਹੁੰਦੇ ਹੋਏ ਇੰਨੇ ਵੱਡੇ ਪੱਧਰ 'ਤੇ ਹਿੰਸਾ ਹੋ ਜਾਣੀ ਆਪਣੇ ਆਪ 'ਚ ਸਾਡੇ ਖੁਫੀਆ ਤੰਤਰ 'ਤੇ ਸਵਾਲੀਆ ਨਿਸ਼ਾਨ ਲਗਾਉਂਦਾ ਹੈ ਕਿ ਉਸ ਦੇ ਫੈਲਾਅ ਦੀ ਵਿਸ਼ਾਲਤਾ ਅਤੇ ਅਸੀਮਤ ਸ਼ਕਤੀਆਂ ਦੇ ਬਾਵਜੂਦ ਇਹ ਕਾਂਡ ਹੋ ਜਾਣਾ ਕੀ ਦੀਵੇ ਥੱਲੇ ਹਨੇਰਾ ਹੋਣ ਦੀ ਕਹਾਵਤ ਸਿੱਧ ਨਹੀਂ ਕਰਦਾ?

ਅਸੀਂ ਇੱਕ ਦੂਸਰੀ ਘਟਨਾ ਦਾ ਜ਼ਿਕਰ ਕਰੀਏ, ਜੋ ਇਸ ਸਾਲ 26 ਜਨਵਰੀ ਨੂੰ ਦਿੱਲੀ 'ਚ ਲਾਲ ਕਿੱਲੇ 'ਤੇ ਇੱਕ ਧਾਰਮਿਕ ਝੰਡਾ ਲਹਿਰਾਉਣ ਤੇ ਭਿਆਨਕ ਹਿੰਸਾ ਦੀ ਪੂਰੀ ਤਿਆਰੀ ਨਾਲ ਹੋਈ। ਹੋ ਸਕਦਾ ਹੈ ਕਿ ਸੁਰੱਖਿਆ ਏਜੰਸੀਆਂ, ਪੁਲਸ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਇਸ ਦੀ ਜਾਣਕਾਰੀ ਹੋਵੇ ਅਤੇ ਉਸ ਨੇ ਪੁਲਸ ਨੂੰ ਕੋਈ ਕਾਰਵਾਈ ਨਾ ਕਰਨ ਦੀ ਹਦਾਇਤ ਦਿੱਤੀ ਹੋਵੇ। ਇਹ ਸੋਚ ਕੇ ਅੰਦਾਜ਼ਾ ਲੱਗ ਜਾਂਦਾ ਹੈ ਕਿ ਜੇ ਉਸ ਦਿਨ ਸੁਰੱਖਿਆ ਬਲਾਂ ਨੇ ਸਮਝ ਨਾ ਦਿਖਾਈ ਹੁੰਦੀ ਤਾਂ ਦਿੱਲੀ ਅੱਗ 'ਚ ਝੁਲਸ ਜਾਂਦੀ। ਇਹ ਸਵਾਲ ਸੁਭਾਵਿਕ ਹੈ ਕਿ ਜੋ ਵਿਅਕਤੀ ਆਪਣੇ ਸੂਬੇ ਦੀ ਸੁਰੱਖਿਆ 'ਚ ਸੰਨ੍ਹ ਨਾ ਲੱਗਣ ਦੇਣ ਲਈ ਮਜ਼ਬੂਤ ਪ੍ਰਬੰਧ ਕਰ ਸਕਦਾ ਹੈ, ਉਹ ਦੇਸ਼ ਦੀ ਰਾਜਧਾਨੀ 'ਚ ਕਿਸ ਤਰ੍ਹਾਂ ਖੁੰਝ ਗਿਆ ਜਿਸ ਨਾਲ ਦਿੱਲੀ ਨੂੰ ਦੰਗਿਆਂ ਦੀ ਭਿਆਨਕਤਾ 'ਚੋਂ ਲੰਘਣਾ ਪਿਆ। ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਮਿਲਣੇ ਹੀ ਚਾਹੀਦੇ ਹਨ, ਨਹੀਂ ਤਾਂ ਕਿਤੇ 'ਅੰਧੇਰ ਨਗਰੀ ਚੌਪਟ ਰਾਜਾਂ' ਵਾਲੀ ਕਹਾਵਤ ਆਉਣ ਵਾਲੇ ਸਮੇਂ 'ਚ ਸਿੱਧ ਨਾ ਹੋ ਜਾਵੇ।



## ਆਮ ਆਦਮੀ ਪਾਰਟੀ ਦੇ ਆਗੂ ਸੰਜੇ ਸਿੰਘ ਦੀ ਪਟੀਸ਼ਨ ਉੱਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ



ਚੰਡੀਗੜ੍ਹ, 11 ਮਾਰਚ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਆਮ ਆਦਮੀ ਪਾਰਟੀ ਦੇ ਆਗੂ ਸੰਜੇ ਸਿੰਘ ਦੀ ਇੱਕ ਪਟੀਸ਼ਨ ਦੀ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਤੇ ਇੱਕ ਹੋਰ ਧਿਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਤਲਬ ਕੀਤਾ ਹੈ। ਸੰਜੇ ਸਿੰਘ ਨੇ ਹਾਈ ਕੋਰਟ ਪਟੀਸ਼ਨ ਵਿੱਚ ਦਾਇਰ ਕਰ ਕੇ ਲੁਧਿਆਣਾ ਦੀ ਅਦਾਲਤ ਦੇ ਉਸ ਫੈਸਲੇ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ, ਜਿਸ ਤਹਿਤ ਅਦਾਲਤ ਨੇ ਉਨ੍ਹਾਂ ਵੱਲੋਂ ਜਗਜੀਤ ਸਿੰਘ ਚਹਿਲ ਤੇ ਭੋਲਾ ਕੇਸ,ਜਿਹੜਾ ਸੀ ਬੀ ਆਈ ਅਦਾਲਤ ਵਿੱਚ ਚੱਲ ਰਿਹਾ ਹੈ, ਦੀ ਕੇਸ ਫਾਈਲ ਸੰਮਨ ਕੀਤੇ ਜਾਣ ਦੀ ਮੰਗ ਕੀਤੀ ਸੀ।

ਸੰਜੇ ਸਿੰਘ ਨੇ ਪੰਜ ਸਤੰਬਰ 2015 ਨੂੰ ਮੋਗੇ ਵਿੱਚ ਹੋਈ ਰੈਲੀ ਵਿੱਚ ਬਿਕਰਮ ਸਿੰਘ ਮਜੀਠੀਆ ਖਿਲਾਫ ਨਸ਼ਾ ਸਮੱਗਲਿੰਗ ਦੇ ਦੋਸ਼ ਲਾਏ ਤੇ ਕਿਹਾ ਸੀ ਕਿ ਜਦੋਂ 2017 ਵਿੱਚ ਉਨ੍ਹਾਂ ਦੀ ਸਰਕਾਰ ਬਣੀ ਤਾਂ ਪਹਿਲਾ ਕੰਮ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਗ੍ਰਿਫਤਾਰ ਕਰਨਾ ਹੋਵੇਗਾ। ਇਹ ਬਿਆਨ ਕਈ ਅਖਬਾਰਾਂ ਵਿੱਚ ਛਪਿਆ ਸੀ। ਇਸ ਬਾਰੇ ਬਿਕਰਮ ਸਿੰਘ ਮਜੀਠੀਆ ਨੇ ਸੰਜੇ ਸਿੰਘ ਦੇ ਖਿਲਾਫ ਲੁਧਿਆਣੇ ਦੀ ਅਦਾਲਤ ਵਿੱਚ 12 ਜਨਵਰੀ 2016 ਨੂੰ ਮਾਣਹਾਨੀ ਦੀ ਸ਼ਿਕਾਇਤ ਦਰਜ ਕਰਾਈ ਸੀ ਤੇ ਕੇਸ ਅਜੇ ਚੱਲ ਰਿਹਾ ਹੈ। ਇਸੇ ਕੇਸ ਵਿੱਚ ਸੰਜੇ ਸਿੰਘ ਨੇ ਲੁਧਿਆਣੇ ਦੀ ਅਦਾਲਤ ਨੂੰ ਅਰਜ਼ੀ ਦੇ ਕੇ ਜਗਜੀਤ ਸਿੰਘ ਚਹਿਲ ਤੇ ਭੋਲਾ ਕੇਸ, ਜਿਹੜਾ ਮੁਹਾਲੀ ਦੀ ਸੀ ਬੀ ਆਈ ਅਦਾਲਤ ਵਿੱਚ ਚੱਲਦਾ ਹੈ, ਦੀ ਫਾਈਲ ਸੰਮਨ ਕੀਤੇ ਜਾਣ ਅਤੇ ਸ਼ਿਕਾਇਤਕਰਤਾ ਦੇ ਕ੍ਰਾਸ ਐਗਜ਼ਾਮੀਨੇਸ਼ਨ ਦੀ ਮੰਗ ਕੀਤੀ ਸੀ, ਜਿਸ ਨੂੰ ਅਦਾਲਤ ਨੇ 25 ਫਰਵਰੀ ਨੂੰ ਰੱਦ ਕਰ ਦਿੱਤਾ ਸੀ।

ਇਸ ਦੌਰਾਨ ਹਾਈ ਕੋਰਟ ਦੇ ਹੁਕਮ ਦੇ ਬਾਵਜੂਦ ਨਾਜਾਇਜ਼ ਹਿਰਾਸਤ ਵਿੱਚ ਰੱਖੀਆਂ ਦੋ ਔਰਤਾਂ ਨੂੰ ਇੱਕ-ਇੱਕ ਲੱਖ ਰੁਪਏ ਮੁਆਵਜ਼ਾ ਜਾਰੀ ਨਾ ਕਰਨ ਉੱਤੇ ਹਾਈ ਕੋਰਟ ਨੇ ਪੰਜਾਬ ਦੇ ਚੀਫ ਸੈਕਟਰੀ ਅਤੇ ਡੀ ਜੀ ਪੀ ਨੂੰ ਉਲੰਘਣਾ ਦਾ ਨੋਟਿਸ ਜਾਰੀ ਕਰ ਕੇ ਪੁੱਛਿਆ ਹੈ ਕਿ ਕਿਉਂ ਨਾ ਉਨ੍ਹਾਂ ਉੱਤੇ ਕਾਰਵਾਈ ਕੀਤੀ ਜਾਵੇ। ਰੋਪੜ ਦੀ ਵਾਸੀ ਪਰਮੀਤ ਕੌਰ ਨੇ ਹਾਈ ਕੋਰਟ ਵਿੱਚ ਉਲੰਘਣਾ ਪਟੀਸ਼ਨ ਦਾਇਰ ਕਰ ਕੇ ਕਿਹਾ ਸੀ ਕਿ ਉਨ੍ਹਾਂ ਦੀ ਮਾਂ ਭੈਣ ਹਰਵਿੰਦਰ ਕੌਰ ਅਤੇ ਭੈਣ ਰੁਪਿੰਦਰ ਕੌਰ ਨੂੰ ਪੁਲਸ ਤੇ ਹੋਰਨਾਂ ਲੋਕਾਂ ਨੇ ਨਾਜਾਇਜ਼ ਹਿਰਾਸਤ ਵਿੱਚ ਰੱਖਿਆ ਸੀ। ਇਸ ਵਿੱਚ ਰੋਪੜ ਦੇ ਐਸ ਪੀ ਅਤੇ ਐਸ ਐਚ ਓ ਨੂੰ ਨਾਜਾਇਜ਼ ਹਿਰਾਸਤ ਦਾ ਜ਼ਿੰਮੇਵਾਰ ਦੱਸਿਆ ਗਿਆ ਸੀ।

# ਕੇਂਦਰੀ ਏਜੰਸੀਆਂ ਦੀ ਕਾਰਵਾਈ ਵਿਰੁੱਧ ਪੰਜਾਬ ਵਿਧਾਨ ਸਭਾ ਵਿੱਚ ਨਿੰਦਾ ਮਤਾ ਪਾਸ

### * ਸਾਰਾ ਹਾਊਸ ਸੁਖਪਾਲ ਸਿੰਘ ਖਹਿਰਾ ਦੇ ਹੱਕ ਵਿੱਚ ਡਟਿਆ

ਚੰਡੀਗੜ੍ਹ, 11 ਮਾਰਚ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਬਾਗ਼ੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਘਰ ਅਤੇ ਹੋਰ ਸਬੰਧਤ ਥਾਵਾਂ ਉੱਤੇ ਇਨਫ਼ੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਕੀਤੀ ਛਾਪੇਮਾਰੀ ਵਿਰੁੱਧ ਕੱਲ੍ਹ ਪੰਜਾਬ ਵਿਧਾਨ ਸਭਾ ਦਾ ਸਮੁੱਚਾ ਸਦਨ ਇਕਜੁਟ ਹੋ ਗਿਆ। ਮੁੱਖ ਮੰਤਰੀ ਨਾਲ ਸਲਾਹ ਕਰਨ ਮਗਰੋਂ ਪਾਰਲੀਮੈਂਟ ਮਾਮਲਿਆਂ ਦੇ ਮੰਤਰੀ ਬ੍ਰਹਮ ਮਹਿੰ-ਦਰਾ ਨੇ ਕੇਂਦਰੀ ਏਜੰਸੀ ਵਿਰੁੱਧ ਸਦਨ ਵਿੱਚ ਬਾਕਾਇਦਾ ਨਿੰਦਾ ਮਤਾ ਪੇਸ਼ ਕੀਤਾ, ਜਿਹੜਾ ਸਾਰੀਆਂ ਪਾਰਟੀਆਂ ਦੀ ਸਹਿਮਤੀ ਨਾਲ ਸਰਬ ਸਮੰਤੀ ਨਾਲ ਪਾਸ ਕਰ ਦਿੱਤਾ ਗਿਆ।

ਇਸ ਮਾਮਲੇ ਵਿੱਚ ਸਪੀਕਰ ਰਾਣਾ ਕੇ ਪੀ ਸਿੰਘ ਨੇ ਵੀ ਇਸ ਗੱਲ ਦੀ ਪ੍ਰੋੜਤਾ ਕੀਤੀ ਕਿ ਕੇਂਦਰੀ ਏਜੰਸੀਆਂ ਵੱਲੋਂ ਕਿਸੇ ਚੁਣੇ ਹੋਏ ਪ੍ਰਤੀਨਿਧ ਵਿਰੁੱਧ ਇਹ ਕਾਰਵਾਈ ਓਦੋਂ ਕੀਤੀ ਗਈ, ਜਦੋਂ ਸਬੰਧਤ ਸੂਬੇ ਦਾ ਸਦਨ ਚਲ ਰਿਹਾ ਸੀ ਤੇ ਇੰਜ ਕਰਨਾ ਕਿਸੇ ਪ੍ਰਤੀਨਿਧ ਨੂੰ ਸਦਨ ਵਿੱਚ ਹਿੱਸਾ ਲੈਣ ਤੋਂ ਰੋਕਣ ਬਰਾਬਰ ਹੈ ਅਤੇ ਨਿਯਮਾਂ ਮੁਤਾਬਕ ਕਿਸੇ ਵਿਧਾਇਕ ਨੂੰ ਸਦਨ ਦੀ ਕਾਰਵਾਈ ਵਿੱਚ ਹਿੱਸਾ ਲੈਣ ਤੋਂ ਨਹੀਂ ਰੋਕਿਆ ਜਾ ਸਕਦਾ। ਸਪੀਕਰ ਨੇ ਕਿਹਾ ਕਿ ਇਸ ਕਾਰਵਾਈ ਬਾਰੇ ਈ ਡੀ ਨੇ ਨਾ ਵਿਧਾਨ ਸਭਾ ਨੂੰ ਜਾਣਕਾਰੀ ਦਿੱਤੀ ਤੇ ਨਾ ਸਰਕਾਰ ਨੂੰ ਸੂਚਨਾ ਦਿੱਤੀ।

ਇਸ ਤੋਂ ਪਹਿਲਾਂ ਸਵੇਰ ਵੇਲੇ ਆਮ ਆਦਮੀ ਪਾਰਟੀ ਦੇ ਇੱਕ ਹੋਰ ਬਾਗ਼ੀ ਵਿਧਾਇਕ ਕੰਵਰ ਸੰਧੂ ਨੇ ਈ ਡੀ ਦੀ ਕਾਰਵਾਈ ਦਾ ਮੁੱਦਾ ਚੁੱਕ ਕੇ ਕਿਹਾ ਕਿ ਕੇਂਦਰ ਵਿਰੁੱਧ ਜੋ ਵੀ ਆਵਾਜ਼ ਚੁੱਕਦਾ ਹੈ, ਉਸ ਪਿੱਛੇ ਏਜੰਸੀਆਂ ਲੱਗ ਜਾਂਦੀਆਂ ਹਨ। ਇਸ ਉੱਤੇ ਬ੍ਰਹਮ ਮਹਿੰਦਰਾ ਨੇ ਸਪੀਕਰ ਨੂੰ ਆਪਣੇ ਪੱਧਰ ਉੱਤੇ ਕਾਰਵਾਈ ਕਰਨ ਨੂੰ ਕਿਹਾ, ਪਰ ਸਪੀਕਰ ਨੇ ਕਿਹਾ ਕਿ ਇਸ ਬਾਰੇ ਮਤਾ ਲਿਆਂਦਾ ਜਾਵੇ। ਦੁਪਹਿਰ ਬਾਅਦ ਨਿੰਦਾ ਮਤਾ ਪੇਸ਼ ਹੋਇਆ ਕਿ ਕੇਂਦਰ ਨੂੰ ਇਹ ਕਿਹਾ ਜਾਵੇ ਕਿ ਉਹ ਜਨ ਪ੍ਰਤੀਨਿਧਾਂ ਵਿਰੁੱਧ ਈ ਡੀ, ਐਨ ਆਈ ਏ ਆਦਿ ਕੇਂਦਰੀ ਏਜੰਸੀਆਂ ਨੂੰ ਕਾਰਵਾਈ ਕਰਨੋਂ ਰੋਕੇ।

ਇਸ ਮਤੇ ਦੇ ਸਮਰਥਨ ਵਿੱਚ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ 'ਆਰ ਵੀ ਫ਼੍ਰੀ ਔਰ ਆਰ ਵੀ ਫ਼ੀਅਰ'। ਉਨ੍ਹਾਂ ਕਿਹਾ ਕਿ ਜਿਹੜਾ ਵੀ ਕੇਂਦਰ ਵਿਰੁੱਧ ਆਵਾਜ਼ ਚੁੱਕਦਾ ਹੈ, ਉਸ ਪਿੱਛੇ ਜਾਂਚ ਏਜੰਸੀਆਂ ਲਾ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਇੱਥੋਂ ਤੱਕ ਕਿਹਾ ਕਿ ਪੰਜਾਬ ਸਰਕਾਰ ਨੂੰ ਵੀ ਠੀਕ ਓਦਾਂ ਦਾ ਕਦਮ ਚੁੱਕਣਾ ਚਾਹੀਦਾ ਹੈ, ਜਿਵੇਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਉਥੇ ਕੀਤੀ ਕਾਰਵਾਈ ਉੱਤੇ ਸੀ ਬੀ ਆਈ ਵਿਰੁੱਧ ਚੁਕਿਆ ਸੀ। ਸਦਨ ਦੇ ਸਾਰੇ ਮੈਂਬਰਾਂ ਨੇ ਨਿੰਦਾ ਮਤੇ ਦਾ ਸਮਰਥਨ ਕੀਤਾ ਅਤੇ ਇਸ ਨੂੰ ਸਹਿਮਤੀ ਨਾਲ ਪਾਸ ਕਰ ਦਿੱਤਾ ਗਿਆ।

## ਇਰਾਦਾ ਕਤਲ ਕੇਸ ਵਿੱਚ ਪਲਵਿੰਦਰ ਤਲਵਾੜਾ ਨੂੰ ਪੰਜ ਸਾਲ ਕੈਦ



ਫਤਿਹਗੜ੍ਹ ਸਾਹਿਬ, 11 ਮਾਰਚ (ਪੋਸਟ ਬਿਊਰੋ)- ਪਿੰਡ ਤਲਵਾੜਾ ਦੇ ਵਸਨੀਕ ਪਲਵਿੰਦਰ ਸਿੰਘ ਨੂੰ ਕੱਲ੍ਹ ਫਤਿਹਗੜ੍ਹ ਸਾਹਿਬ ਦੇ ਸੈਸ਼ਨ ਜੱਜ ਦੀ ਅਦਾਲਤ ਨੇ ਇਰਾਦਾ ਕਤਲ ਦੇ ਕੇਸ ਪੰਜ ਸਾਲ ਕੈਦ ਤੇ 50 ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਅਦਾਲਤ ਨੇ ਇਸੇ ਕੇਸ ਵਿੱਚ ਨਾਮਜ਼ਦ ਉਸ ਦੀ ਮਾਤਾ ਬਲਜੀਤ ਕੌਰ ਨੂੰ ਬਰੀ ਕਰ ਦਿੱਤਾ ਹੈ। ਮਿਲੀ ਜਾਣਕਾਰੀ ਅਨੁਸਾਰ ਲਾਲ ਕਿਲ੍ਹਾ ਹਿੰਸਾ ਵਾਲੇ ਕੇਸ ਵਿੱਚ ਤਿਹਾੜ ਜੇਲ੍ਹ ਵਿੱਚ ਬੰਦ ਅਦਾਕਾਰ ਦੀਪ ਸਿੱਧੂ ਦੇ ਕੇਸ ਦੀ ਪੈਰਵੀ ਅਤੇ ਹਮਾਇਤ ਕਰਨ ਕਰ ਕੇ ਪਲਵਿੰਦਰ ਸਿੰਘ ਬੀਤੇ ਦਿਨੀਂ ਚਰਚਾ ਵਿੱਚ ਰਿਹਾ ਸੀ। ਥਾਣਾ ਫਤਿਹਗੜ੍ਹ ਸਾਹਿਬ ਦੀ ਪੁਲਸ ਨੇ ਪਲਵਿੰਦਰ ਸਿੰਘ ਤਲਵਾੜਾ ਤੇ ਉਸ ਦੀ ਮਾਤਾ ਬਲਜੀਤ ਕੌਰ ਨੂੰ ਇਰਾਦਾ ਕਤਲ ਦੇ ਇੱਕ ਕੇਸ ਵਿੱਚ ਨਾਮਜ਼ਦ ਕੀਤਾ ਸੀ।ਸ਼ਿਕਾਇਤਕਰਤਾ ਧਿਰ ਦੇ ਕੁਲਦੀਪ ਸਿੰਘ ਪਟਵਾਰੀ ਤੇ ਨਿਰਮਲ ਸਿੰਘ ਨੇ ਦੋਸ਼ ਲਾਇਆ ਸੀ ਕਿ ਪਲਵਿੰਦਰ ਸਿੰਘ ਨੇ ਉਨ੍ਹਾਂ ਨੂੰ ਗਾਲ੍ਹਾਂ ਕੱਢੀਆਂ ਤੇ ਪੱਗ ਉਤਾਰ ਦਿੱਤੀ ਸੀ। ਫਿਰ ਉਨ੍ਹਾਂ ਫੋਨ ਕਰ ਕੇ ਹਰਜੀਤ ਸਿੰਘ ਨੂੰ ਬੁਲਾਇਆ। ਜਦੋਂ ਹਰਜੀਤ ਤੇ ਸੁਰਜੀਤ ਸਿੰਘ ਸੁੱਖਾ ਉਥੇ ਪਹੁੰਚੇ ਤਾਂ ਪਲਵਿੰਦਰ ਆਪਣੀ ਮਾਤਾ ਨਾਲ ਬੰਦੂਕ ਲੈ ਕੇ ਆ ਗਿਆ ਅਤੇ ਹਰਜੀਤ ਦੇ ਗੋਲੀ ਮਾਰੀ, ਜੋ ਉਸ ਦੀ ਬਾਂਹ ਵਿੱਚ ਲੱਗੀ ਸੀ।

# ਵੋਡਾਫ਼ੋਨ ਦੀ ਥਾਂ ਰਿਲਾਇੰਸ ਜੀਉ ਦੇ ਸਿਮ ਕਾਰਡ ਵਰਤਣ ਦਾ ਮੁੱਦਾ ਵਿਧਾਨ ਸਭਾ ਵਿੱਚ ਗੂੰਜਿਆ

ਚੰਡੀਗੜ੍ਹ, 11 ਮਾਰਚ (ਪੋਸਟ ਬਿਊਰੋ)- ਕਿਸਾਨੀ ਸੰਘਰਸ਼ ਕਾਰਨ ਇੱਕ ਪਾਸੇ ਪੰਜਾਬ ਵਿੱਚ ਰਿਲਾਇੰਸ ਜੀਉ ਅਤੇ ਅੰਬਾਨੀ ਅਡਾਨੀ ਵਰਗੇ ਘਰਾਣਿਆਂ ਦੀਆਂ ਚੀਜ਼ਾਂ ਦਾ ਬਾਈਕਾਟ ਦਾ ਐਲਾਨ ਹੋਇਆ ਹੈ, ਉਥੇ ਪੰਜਾਬ ਦੇ ਇੱਕ ਸਰਕਾਰੀ ਵਿਭਾਗ ਵਿੱਚ ਜੀਉ ਦੇ ਸਿਮ ਕਾਰਡ ਦਿੱਤੇ ਜਾ ਰਹੇ ਹਨ। ਇਹ ਮੁੱਦਾ ਕੱਲ੍ਹ ਬਜਟ ਸੈਸ਼ਨ ਦੇ ਆਖ਼ਰੀ ਦਿਨ ਵਿਧਾਨ ਸਭਾ ਵਿੱਚਵੀ ਗੂੰਜਿਆ ਅਤੇ ਸਰਕਾਰ ਦੇ ਉਸ ਵਿਭਾਗ ਦੀ ਕਰੜੀ ਨੁਕਤਾਚੀਨੀ ਕੀਤੀ ਗਈ।

ਪਤਾ ਲੱਗਾ ਹੈ ਕਿ ਪੰਜਾਬ ਦੇ ਬਿਜਲੀ ਕਾਰਪੋਰੇਸ਼ ਪੀ ਐਸ ਪੀ ਸੀ ਐਲ ਨੇ ਆਪਣੇ ਅਧਿਕਾਰੀਆਂ ਤੇ ਮੁਲਾਜ਼ਮਾਂ ਦੇ ਸਿਮ ਕਾਰਡ ਵੋਡਾਫ਼ੋਨ-ਆਈਡੀਆ ਦੀ ਕੰਪਨੀ ਤੋਂ ਬਦਲ ਕੇ ਜੀਉ ਸਿਮ ਕਾਰਡ ਜਾਰੀ ਕਰਨ ਦੀ ਹਦਾਇਤ ਦਿੱਤੀ ਹੈ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਚੀਫ ਇੰਜੀਨੀਅਰ/ ਮੁੱਖ ਪ੍ਰਬੰਧਕ ਜਲੰਧਰ ਨੇਪੰਜਾਬ ਰਾਜ ਦੇ ਸਾਰੇਡਿਪਟੀ ਚੀਫ ਇੰਜੀਨੀਅਰਾਂ ਤੇ ਨਿਗਰਾਨ ਇੰਜੀਨੀਅਰਾਂ ਨੂੰ ਇੱਕ ਨੋਟੀਫ਼ੀਕੇਸ਼ਨ ਜਾਰੀ ਕਰ ਕੇ ਸਾਫ ਕਿਹਾ ਹੈ ਕਿ




ਵਿਭਾਗ ਵਿੱਚ ਕੰਮ ਕਰਦੇ ਅਧਿਕਾਰੀਆਂ ਤੇ ਮੁਲਾਜ਼ਮਾਂ, ਜਿਨ੍ਹਾਂ ਕੋਲ ਵੋਡਾਫ਼ੋਨ ਕੰਪਨੀ ਦੇ ਸਿਮ ਹਨ, ਦੀ ਲਿਸਟ ਬਣਾ ਕੇ ਵਿਭਾਗ ਨੂੰ ਭੇਜਣ, ਤਾਂ ਜੋ ਵੋਡਾਫ਼ੋਨ ਕੰਪਨੀ ਦੀ ਥਾਂ ਅਜਿਹੇ ਅਧਿਕਾਰੀਆਂ, ਕਰਮਚਾਰੀਆਂ ਨੂੰ ਰਿਲਾਇੰਸ ਜੀਉ ਦੇ ਮੋਬਾਈਲ ਨੰਬਰ ਦਿੱਤੇ ਜਾ ਸਕਣ।ਵਿਭਾਗ ਨੇ ਹੇਠਲੇ ਦਫ਼ਤਰਾਂ ਨੂੰ ਮੋਬਾਈਲ ਸਿਮ ਕਾਰਡਾਂ ਦੀ ਡਿਟੇਲ ਭੇਜਣ ਦੀ ਹਦਾਇਤ ਜਾਰੀ ਕੀਤੀ ਹੈ ਤੇ ਇਸ ਉੱਤੇ ਅਮਲ ਨਾ ਕਰਨ ਵਾਲੇ ਬਿਜਲੀ ਬੋਰਡ ਦੇ ਅਧਿਕਾਰੀ ਨੂੰ ਜ਼ਿੰਮੇਵਾਰ ਠਹਿਰਾਉਣ ਦਾ ਸੰਕੇਤ ਦਿੱਤਾ ਹੈ।

ਇਸ ਸਬੰਧ ਵਿੱਚ ਸੀ ਐਮ ਡੀ ਵੇਣੂ ਪ੍ਰਸਾਦ ਨੇ ਕਿਹਾ ਕਿ ਪੰਜਾਬ ਵਿੱਚ ਸਿਮ ਕਾਰਡਾਂ ਬਾਰੇ ਬੋਰਡ ਨੇ ਟੈਂਡਰ ਫ਼ਲੋਟ ਕੀਤੇ ਸਨ, ਜਿਸ ਵਿੱਚ ਸਭ ਤੋਂ ਨੀਵਾਂ ਟੈਂਡਰ ਜੀਉ ਕੰਪਨੀ ਦਾ ਹੋਣ ਕਾਰਨ ਜੀਉ ਨੂੰ ਇਹ ਟੈਂਡਰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਬੋਰਡ ਹਮੇਸ਼ਾ ਲੋਐਸਟ ਨੂੰ ਟੈਂਡਰ ਦਿੰਦਾ ਹੈ ਜਿਸ ਕਾਰਨ ਜੀਉ ਨੂੰ ਇਹ ਟੈਂਡਰ ਮਿਲਿਆ ਹੈ। ਪੰਜਾਬ ਵਿਧਾਨ ਸਭਾ ਅੰਦਰ ਕੱਲ੍ਹ ਵਿਰੋਧੀ ਧਿਰ ਨੇਤਾ ਹਰਪਾਲ ਸਿੰਘ ਚੀਮਾ (ਆਮ ਆਦਮੀ ਪਾਰਟੀ) ਨੇ ਇਸ ਮੁੱਦੇ ਨੂੰ ਚੁੱਕਿਆ ਤੇ ਇਸ ਉੱਤੇਹੋਰ ਵਿਧਾਇਕਾਂ ਵੱਲੋਂ ਬਹਿਸ ਵੀ ਸੁਣਨ ਨੂੰ ਮਿਲੀ।






# ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਨੂੰ ਮੁਕੰਮਲ ਭਾਰਤ ਬੰਦ ਦਾ ਐਲਾਨ

ਨਵੀਂ ਦਿੱਲੀ, 11 ਮਾਰਚ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੁੱਧ ਸੰਘਰਸ਼ ਦੀ ਅਗਵਾਈ ਕਰ ਰਹੇ ਸੰਯੁਕਤ ਕਿਸਾਨ ਮੋਰਚੇ ਨੇ 26 ਮਾਰਚ ਨੂੰ ਕਿਸਾਨ ਅੰਦੋਲਨ ਦੇ ਚਾਰ ਮਹੀਨੇ ਪੂਰੇ ਹੋਣ ਉੱਤੇ ਮੁਕੰਮਲ 'ਭਾਰਤ ਬੰਦ' ਦਾ ਸੱਦਾ ਦਿੱਤਾ ਹੈ। ਇਸ ਬੰਦ ਦਾ ਘੇਰਾਵਧਾਉਣ ਲਈ 17 ਮਾਰਚ ਨੂੰ ਕਿਸਾਨ ਮੋਰਚੇ ਵੱਲੋਂ ਮਜ਼ਦੂਰ ਜਥੇਬੰਦੀਆਂ ਅਤੇ ਹੋਰ ਲੋਕ ਅਧਿਕਾਰ ਜਥੇਬੰਦੀਆਂ ਨਾਲ ਇੱਕ ਸਾਂਝੀ ਕਨਵੈਨਸ਼ਨ ਕੀਤੀ ਜਾਵੇਗੀ।

ਇਹ ਐਲਾਨ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੱਲ੍ਹ ਸਿੰਘੂ ਬਾਰਡਰ ਉੱਤੇ ਕੀਤੀ ਮੀਟਿੰਗ ਪਿੱਛੋਂਪ੍ਰੈੱਸ ਕਾਨਫ਼ਰੰਸ ਵਿੱਚ ਕੀਤਾ ਗਿਆ। ਸੰਯੁਕਤ ਕਿਸਾਨ ਮੋਰਚੇ ਵੱਲੋਂ ਅਗਲੇ ਦਿਨਾਂ ਵਿੱਚ ਕੀਤੇ ਜਾਣ ਵਾਲੇ ਕੁਝ ਪ੍ਰੋਗਰਾਮਾਂ ਦਾ ਵੀ ਐਲਾਨ ਕੀਤਾ ਹੈ, ਜਿਸ ਮੁਤਾਬਕ 19 ਮਾਰਚ ਦਾ ਦਿਨ ਮੁਜਾਹਰਾ ਲਹਿਰ ਨੂੰ ਸਮਰਪਿਤ ਕੀਤਾ ਜਾਵੇਗਾ। ਡਾ. ਦਰਸ਼ਨ ਪਾਲ ਨੇ ਦੱਸਿਆ ਕਿ ਉਸ ਦਿਨ ਐਫ਼ ਸੀ ਆਈ ਅਤੇ ਖੇਤੀ ਬਚਾਓ ਪ੍ਰੋਗਰਾਮ ਹੇਠ ਦੇਸ਼ ਦੀਆਂ ਮੰਡੀਆਂ ਵਿੱਚ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ। ਫਿਰ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਸ਼ਹਾਦੀ ਦਿਨ ਮੌਕੇ ਦੇਸ਼ ਦੇ ਨੌਜਵਾਨਾਂ ਨੂੰ ਦਿੱਲੀ ਦੇ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਣ ਅਤੇ 28 ਮਾਰਚ ਨੂੰ ਹੋਲੀ ਵਾਲੇ ਦਿਨ ਖੇਤੀ



ਕਾਨੂੰਨਾਂ ਦੀਆਂ ਕਾਪੀਆਂ ਸਾੜਨ ਦਾ ਸੱਦਾ ਦਿੱਤਾ ਗਿਆ ਹੈ। ਏਦਾਂ ਹੀ 15 ਮਾਰਚ ਨੂੰ ਡੀਜ਼ਲ, ਪੈਟਰੋਲ ਦੀਆਂ ਕੀਮਤਾਂ ਦੇ ਵਾਧੇ ਖ਼ਿਲਾਫ਼ ਡਿਪਟੀ ਕਮਿਸ਼ਨਰਾਂ ਅਤੇ ਐਸ ਡੀ ਐਮਜ਼ ਨੂੰ ਮੰਗ ਪੱਤਰ ਦੇ ਕੇ ਵਿਰੋਧ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਹੈ।

ਕਿਸਾਨ ਅੰਦੋਲਨ ਦਾ ਪਸਾਰ ਹੋਰ ਰਾਜਾਂ ਵਿੱਚ ਕਰਨ ਦੀ ਵਿਉਂਤਬੰਦੀ ਹੇਠਸੰਯੁਕਤ ਕਿਸਾਨ ਮੋਰਚੇ ਵੱਲੋਂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਬਿਹਾਰ ਭਾਵੇਂ ਚੋਣ ਮੁਖੀ ਰਾਜ ਨਹੀਂ, ਪਰ ਉਥੇ ਕਿਸਾਨਾਂ ਦੇ ਇਸ ਅੰਦੋਲਨ ਨੂੰ ਮੁੱਖ ਵਿਰੋਧੀ ਪਾਰਟੀ ਰਾਸ਼ਟਰੀ ਜਨਤਾ ਦਲ ਨੇ ਵੀ ਹੁੰਗਾਰਾ ਦਿੱਤਾ ਅਤੇ ਮੋਰਚੇ ਮੁਤਾਬਿਕ ਉਥੋਂ ਦੇ ਕਿਸਾਨਾਂ ਨੇ ਵੀ ਇਸ ਨੂੰ ਹਮਾਇਤ ਪ੍ਰਗਟਾਈ ਹੈ। ਪ੍ਰੋਗਰਾਮ ਮੁਤਾਬਿਕ 15 ਮਾਰਚ ਤੱਕ ਬਿਹਾਰ ਵਿੱਚ ਕਿਸਾਨ ਯਾਤਰਾ ਕੱਢਣ ਪਿੱਛੋਂ 18 ਮਾਰਚ ਨੂੰ ਸੰਪੂਰਨ ਕ੍ਰਾਂਤੀ ਦਿਵਸ ਮੌਕੇ ਪਟਨਾ ਵਿੱਚ ਵਿਧਾਨ ਸਭਾ ਵੱਲ ਮਾਰਚ ਕੀਤਾ ਜਾਵੇਗਾ।

## ਪਟੀਸ਼ਨ ਦੀ ਸੁਣਵਾਈ ਹੋਣ ਤੱਕ ਈ ਡੀ ਵਾਲੇ ਮਹਿਬੂਬਾ ਮੁਫਤੀ'ਤੇ ਪੇਸ਼ੀ ਦਾ ਦਬਾਅ ਨਾ ਬਣਾਉਣ: ਹਾਈ ਕੋਰਟ

ਨਵੀਂ ਦਿੱਲੀ, 11 ਮਾਰਚ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਕੱਲ੍ਹ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੂੰ ਕਿਹਾ ਹੈ ਕਿ ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਉੱਤੇ ਮਨੀ ਲਾਂਡਰਿੰਗ ਕੇਸ ਵਿੱਚ18 ਮਾਰਚ ਤੱਕ ਨਿੱਜੀ ਪੇਸ਼ੀਦਾ ਦਬਾਅ ਨਾ ਬਣਾਇਆ ਜਾਏ। ਹਾਈ ਕੋਰਟ ਉਸ ਦਿਨ ਉਨ੍ਹਾਂ ਦੀ ਪਟੀਸ਼ਨ ਉੱਤੇ ਸੁਣਵਾਈ ਕਰੇਗੀ। ਇਹ ਜਾਣਕਾਰੀ ਮਹਿਬੂਬਾ ਦੀ ਬੇਟੀ ਨੇ ਦਿੱਤੀ ਹੈ।

ਜਸਟਿਸ ਸਿਧਾਰਥ ਮ੍ਰਿਦੁਲ ਅਤੇ ਜਸਟਿਸ ਅਨੂਪ ਜੈਰਾਮ ਭੰਬਾਨੀ ਦੀ ਬੈਂਚ ਅੱਗੇ ਕੱਲ੍ਹ ਇਹ ਕੇਸ ਸੁਣਵਾਈ ਦੇ ਲਈ ਆਇਆ ਤਾਂ ਕੋਰਟ ਨੇ ਈ ਡੀ ਨੂੰ ਕਿਹਾ ਕਿ ਸਾਬਕਾ ਮੁੱਖ ਮੰਤਰੀ ਉੱਤੇ 15 ਮਾਰਚ ਨੂੰ ਨਿੱਜੀ ਤੌਰ ਉੱਤੇ ਪੇਸ਼ੀ ਦਾ ਦਬਾਅ ਨਾ ਬਣਾਏ। ਇਸ ਦੀ



ਸੁਣਵਾਈ 18 ਮਾਰਚ ਨੂੰ ਹੋਵੇਗੀ। ਪੀ ਡੀ ਪੀ ਨੇਤਾ ਮਹਿਬੂਬਾ ਮੁਫਤੀ ਦੀ ਬੇਟੀ ਇਲਤਿਜ਼ਾ ਮੁਫਤੀ ਨੇ ਕਿਹਾ ਕਿ ਮਹਿਬੂਬਾ ਨੇ 15 ਮਾਰਚ ਨੂੰ ਈ ਡੀ ਦੇ ਸਾਹਮਣੇ ਪੇਸ਼ ਹੋਣ ਨੂੰ ਚੁਣੌਤੀ ਦਿੱਤੀ ਸੀ। ਉਨ੍ਹਾਂ ਕਿਹਾ ਕਿ ਪਟੀਸ਼ਨ ਵਿੱਚ ਕੋਰਟ ਨੂੰ ਈ ਡੀ ਦਾ ਸੰਮਨ ਰੱਦ ਕਰਨ ਦੀ ਬੇਨਤੀ ਕੀਤੀ ਗਈ ਹੈ, ਜਿਹੜੇ ਮਨੀ ਲਾਂਡਰਿੰਗ ਰੋਕੂ ਕਾਨੂੰਨ ਹੇਠ ਜਾਰੀ ਕੀਤੇ ਗਏ ਹਨ, ਪਰ ਨੋਟਿਸ ਵਿੱਚ ਇਸ ਦਾ ਜ਼ਿਕਰ ਨਹੀਂ ਕਿ ਉਨ੍ਹਾਂ ਨੇ ਕਿਸ ਕੇਸ ਵਿੱਚ ਹਾਜ਼ਰ ਹੋਣਾ ਹੈ।

ਹਾਈ ਕੋਰਟ ਵਿੱਚ ਦਾਖਲ ਪਟੀਸ਼ਨ ਵਿੱਚ ਮਹਿਬੂਬਾ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਨਹੀਂ ਦੱਸਿਆ ਗਿਆ ਕਿ ਉਨ੍ਹਾਂ ਨੂੰ ਦੋਸ਼ੀ ਦੇ ਤੌਰ ਉੱਤੇ ਸੰਮਨ ਕੀਤਾ ਗਿਆ ਹੈ ਜਾਂ ਗਵਾਹ ਦੇ ਤੌਰ ਉੱਤੇ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 'ਪਟੀਸ਼ਨਰ ਦੀ ਜਾਂਚ ਨਹੀਂ ਕੀਤੀ ਜਾ ਰਹੀ ਅਤੇ ਜਾਣਕਾਰੀ ਮੁਤਾਬਕ ਕਿਸੇ ਕੇਸ ਵਿੱਚ ਉਹ ਦੋਸ਼ੀ ਵੀ ਨਹੀਂ।' ਪਟੀਸ਼ਨ ਵਿੱਚ ਉਨ੍ਹਾਂ ਨੇ ਦੋਸ਼ ਲਾਏ ਕਿ ਧਾਰਾ 370 ਖਤਮ ਕਰਨ ਅਤੇ ਹਿਰਾ-ਸਤ ਵਿੱਚੋਂ ਰਿਹਾਅ ਕਰਨ ਪਿੱਛੋਂ ਉਨ੍ਹਾਂ ਦੇ, ਉਨ੍ਹਾਂ ਦੇ ਜਾਣਕਾਰਾਂ ਅਤੇ ਪੁਰਾਣੇ ਪਰਵਾਰਕ ਦੋਸਤਾਂ ਖਿਲਾਫ ਕਈ ਦੁਸ਼ਮਣੀ ਵਾਲੇ ਕੰਮ ਕੀਤੇ ਗਏ ਹਨ ਅਤੇ ਇਨ੍ਹਾਂ ਸਾਰਿਆਂ ਨੂੰ ਈ ਡੀ ਵੱਲੋਂ ਸੰਮਨ ਜਾਰੀ ਕੀਤਾ ਗਿਆ ਹੈ, ਜੋ ਕਿ ਗਲਤ ਕਾਰਵਾਈ ਜਾਪਦਾ ਹੈ।

## ਮਹਿਲਾ ਦਿਵਸ ਬਾਰੇ ਸਮਾਗਮ ਦੌਰਾਨ ਨੌਦੀਪ ਕੌਰ ਦੀ ਖਿੱਚ-ਧੂਹ



ਗਾਜ਼ੀਪੁਰ (ਗਾਜ਼ੀਆਬਾਦ), 11 ਮਾਰਚ (ਪੋਸਟ ਬਿਊਰੋ)- ਮਹਿਲਾ ਦਿਵਸ ਮਨਾਉਣ ਦੇ ਲਈ ਦਿੱਲੀ ਯੂਨੀਵਰਸਿਟੀ ਦੇ ਆਰਟਸ ਫੈਕਲਟੀ ਵਿੱਚ ਕਰਵਾਏ ਗਏ ਪ੍ਰੋਗਰਾਮ ਦੌਰਾਨ ਕੱਲ੍ਹ ਭਗਤ ਸਿੰਘ ਛਾਤਰ (ਵਿਦਿਆਰਥੀ) ਮੰਚ (ਬੀ ਐਸ ਸੀ ਐਮ) ਅਤੇ ਭਾਜਪਾ ਪੱਖੀ ਏ ਬੀ ਵੀ ਪੀ ਦੇ ਸਮਰਥਕਾਂ ਦਾ ਝਗੜਾ ਹੋ ਗਿਆ।

ਪਤਾ ਲੱਗਾ ਹੈ ਕਿ ਮੰਚ ਵੱਲੋਂ ਦਲਿਤ ਅਤੇ ਮਜ਼ਦੂਰ ਔਰਤਾਂ ਦੀ ਦੁਰਦਸ਼ਾ ਬਾਰੇ ਸੈਮੀਨਾਰ ਕਰਵਾਇਆ ਜਾ ਰਿਹਾ ਸੀ, ਜਿਸ ਵਿੱਚ ਦਲਿਤ ਕਾਰਕੁਨ ਨੌਦੀਪ ਕੌਰ, ਉਸ ਦੀ ਭੈਣ ਰਾਜਬੀਰ ਕੌਰ ਅਤੇ ਗੁੜ ਮੰਡੀ ਅਤੇ ਬੁਟਾਣਾ ਕੇਸ ਅਤੇ ਬਲਾਤਕਾਰ ਪੀੜਤਾਂ ਦੇ ਕਈ ਪਰਵਾਰਕ ਮੈਂਬਰਾਂ ਨੂੰ ਬੁਲਾਇਆ ਗਿਆ ਸੀ। ਨੌਦੀਪ ਕੌਰ ਦੇ ਬੋਲਣ ਤੋਂ ਪਹਿਲਾਂ ਡੁਸੂ (ਦਿੱਲੀ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ) ਦੀ ਜੁਆਇੰਟ ਸਕੱਤਰ ਸ਼ਿਵਾਂਗੀ ਖਰਵਾਲ ਦੀ ਅਗਵਾਈ ਵਿੱਚ ਏ ਬੀ ਵੀ ਪੀ ਸਮਰਥਕਾਂ ਨੇ ਉਨ੍ਹਾਂ ਦਾ ਪ੍ਰੋਗਰਾਮ ਰੋਕ ਦਿੱਤਾ। ਕੁਝ ਸਮਾਂ ਬਹਿਸ ਕਰਨ ਮਗਰੋਂ ਝਗੜਾ ਸ਼ੁਰੂ ਹੋ ਗਿਆ ਤੇ ਨੌਦੀਪ ਕੌਰ ਨਾਲ ਖਿੱਚ ਧੂਹ ਕੀਤੀ ਗਈ। ਇਸ ਮੌਕੇ ਮੌਜੂਦ ਕਿਸਾਨ ਮੋਰਚਾ ਲੀਗਲ ਸੈਲ ਦੇ ਮੈਂਬਰ ਵਾਸੂ ਕੁਕਰੇਜਾ ਦੇ ਵੀ ਸੱਟਾਂ ਲੱਗੀਆਂ। ਦੋਵਾਂ ਧਿਰਾਂ ਨੇ ਇੱਕ ਦੂਜੇ ਉੱਤੇ ਝਗੜਾ ਸ਼ੁਰੂ ਕਰਨ ਦੇ ਦੋਸ਼ ਲਾਏ ਹਨ।

## ਕਾਲ ਸੈਂਟਰ ਦੇ ਮੁਲਾਜ਼ਮਾਂ ਵੱਲੋਂ ਕਸਟਮ ਅਧਿਕਾਰੀ ਬਣਕੇ ਠੱਗੀ

ਗੁੜਗਾਓਂ, 11 ਮਾਰਚ (ਪੋਸਟ ਬਿਊਰੋ)- ਕਸਟਮ ਅਧਿਕਾਰੀ ਬਣ ਕੇ ਅਮਰੀਕਾ ਦੇ ਨਾਗਰਿਕਾਂ ਨਾਲ ਠੱਗੀ ਕਰਨ ਵਾਲੇ ਕਾਲ ਸੈਂਟਰ ਦੇ ਉਦਯੋਗ ਵਿਹਾਰ ਥਾਣਾ ਪੁਲਸ ਨੇ ਪਰਦਾ ਫਾਸ਼ ਕੀਤਾ ਹੈ।

ਪਤਾ ਲੱਗਾ ਹੈ ਕਿ ਇਹ ਕਾਲ ਸੈਂਟਰ ਇੱਕ ਮਹੀਨੇ ਤੋਂ ਚੱਲ ਰਿਹਾ ਸੀ ਅਤੇ ਉਥੇ 35 ਲੜਕੇ-ਲੜਕੀਆਂ ਕੰਮ ਕਰ ਰਹੇ ਸਨ। ਦੋਸ਼ੀ ਅਮਰੀਕਾ ਦੇ ਨਾਗਰਿਕਾਂ ਨੂੰ ਕਸਟਮ ਅਫਸਰ ਬਣਕੇ ਉਨ੍ਹਾਂ ਨੂੰ ਵੱਖ-ਵੱਖ ਢੰਗਾਂ ਨਾਲ ਧਮਕਾਉਂਦੇ ਸਨ ਅਤੇ ਉਨ੍ਹਾਂ ਦਾ ਸੋਸ਼ਲ ਸਿਕਿਓਰਿਟੀ ਨੰਬਰ (ਐਸ ਐਸ ਐਨ) ਬੰਦ ਕਰਨ ਦੀ ਧਮਕੀ ਦਿੰਦੇ ਸਨ। ਇਸ ਦੇ ਬਾਅਦ ਲੋਕ ਡਰ ਜਾਂਦੇ ਅਤੇ ਇਹ ਉਨ੍ਹਾਂ ਤੋਂ ਤਿੰਨ ਤੋਂ ਪੰਜ ਹਜ਼ਾਰ ਡਾਲਰ ਤੱਕ ਗਿਫਟ ਕਾਰਡ ਦੇ ਰਾਹੀਂ ਰੁਪਏ ਵਸੂਲਦੇ ਸਨ। ਪੁਲਸ ਨੇ ਮੌਕੇ ਉੱਤੇ ਟੀਮ ਲੀਡਰ ਨੂੰ ਗ੍ਰਿਫਤਾਰ ਕੀਤਾ ਹੈ, ਜਦ ਕਿ ਕਾਲ ਸੈਂਟਰ




ਦਾ ਮਾਲਕ ਅਜੇ ਫਰਾਰ ਹੈ।ਉਦਯੋਗ ਵਿਹਾਰ ਥਾਣਾ ਇੰਚਾਰਜ ਸਤਬੀਰ ਨੇ ਦੱਸਿਆ ਕਿ ਉਨ੍ਹਾਂ ਨੂੰ ਫਰਜ਼ੀ ਕਾਲ ਸੈਂਟਰ ਦੀ ਜਾਣਕਾਰੀ ਮਿਲੀ ਤਾਂ ਟੀਮ ਬਣਾ ਕੇ ਉਹ ਉਦਯੋਗ ਵਿਹਾਰ ਫੇਜ਼-ਪੰਜ ਦੇ ਪਲਾਟ ਨੰਬਰ 750 ਦੀ ਤੀਸਰੀ ਮੰਜ਼ਿਲ ਉੱਤੇ ਚਲਦੇ ਕਾਲ ਸੈਂਟਰ ਵਿਖੇ ਗਏ। ਉਥੇ ਜਾ ਕੇ ਦੇਖਿਆ ਤਾਂ 35 ਲੜਕੇ ਅਤੇ ਲੜਕੀਆਂ ਕੰਪਿਊਟਰ ਸਾਹਮਣੇ ਬੈਠ ਕੇ ਅਮਰੀਕਾ ਦੇ ਲੋਕਾਂ ਨਾਲ ਅੰਗਰੇਜ਼ੀ ਵਿੱਚ ਗੱਲਾਂ ਕਰ ਰਹੇ ਸਨ। ਮੌਕੇ ਉੱਤੇ ਟੀਮ ਲੀਡਰ ਰਣਜੀਤ ਸਿੰਘ ਰਾਣਾ ਮਿਲਿਆ ਅਤੇ ਉਸ ਤੋਂ ਕਾਲ ਸੈਂਟਰ ਦੇ ਲਾਇਸੈਂਸ ਬਾਰੇ ਪੁੱਛਿਆ ਤਾਂ ਉਨ੍ਹਾਂ ਕੋਲ ਕਾਲ ਸੈਂਟਰ ਚਲਾਉਣ ਦਾ ਕੋਈ ਦਸਤਾਵੇਜ਼ ਨਹੀਂ ਮਿ-ਲਿਆ। ਪੁਲਸ ਨੇ ਕਾਲ ਸੈਂਟਰ ਵਿੱਚ ਕੰਮ ਕਰਦੇ ਲੜਕੇ-ਲੜਕੀਆਂ ਨੂੰ ਪੁੱਛਗਿੱਛ ਦੇ ਬਾਅਦ ਛੱਡ ਦਿੱਤਾ। ਕਾਲ ਸੈਂਟਰ ਦਾ ਟੀਮ ਲੀਡਰ ਉਦੈਪੁਰ ਦੇ ਰਣਜੀਤ ਸਿੰਘ ਰਾਣਾ ਨੂੰ ਗ੍ਰਿਫਤਾਰ ਕਰ ਲਿਆ, ਪਰ ਕਾਲ ਸੈਂਟਰ ਦਾ ਮਾਲਕ ਅਹਿਮਦਾਬਾਦ ਵਾਸੀ ਫਰਾਰ ਹੈ।

ਉਦਯੋਗ ਵਿਹਾਰ ਥਾਣਾ ਇੰਚਾਰਜ ਸਤਬੀਰ ਸਿੰਘ ਨੇ ਦੱਸਿਆ ਕਿ ਦੋਸ਼ੀ ਅਮਰੀਕਾ ਦੇ ਲੋਕਾਂ ਨੂੰ ਫੋਨ ਕਰਦੇਅਤੇ ਖੁਦ ਕਸਟਮ ਵਿਭਾਗ ਦਾ ਅਧਿਕਾਰੀ ਦੱਸ ਕੇ ਗੱਲ ਕਰਦੇ ਤੇ ਉਨ੍ਹਾਂ ਨੂੰ ਦੱਸਦੇ ਕਿ ਕਸਟਮ ਵਿਭਾਗ ਨੂੰ ਉਨ੍ਹਾਂ ਦੇ ਨਾਂਅ ਤੋਂ ਇੱਕ ਪਾਰਸਲ ਪ੍ਰਾਪਤ ਹੋਇਆ ਹੈ, ਜਿਸ ਵਿੱਚ ਡਰੱਗਸ ਅਤੇ ਨਾਜਾਇਜ਼ ਸ਼ਰਾਬ ਹੈ, ਇਹ ਗੈਰ ਕਾਨੂੰਨੀ ਹੈ।

## ਅਲ ਬਦਰ ਦਾ ਚੀਫ ਕਮਾਂਡਰ ਸਿਕੰਦਰ ਮੁਕਾਬਲੇ 'ਚ ਮਾਰਿਆ ਗਿਆ

ਸ੍ਰੀਨਗਰ, 11 ਮਾਰਚ (ਪੋਸਟ ਬਿਊਰੋ)- ਕਸ਼ਮੀਰ ਵਿੱਚ ਆਪਣਾ ਨੈਟਵਰਕ ਵਧਾਉਣ ਦਾ ਯਤਨ ਕਰ ਰਹੇ ਅੱਤਵਾਦੀ ਸੰਗਠਨ ਅਲ ਬਦਰ ਦੇ ਚੀਫ ਕਮਾਂਡਰ ਅਬਦੁਲ ਗਨੀ ਖਵਾਜ਼ਾ ਉਰਫ ਸਿਕੰਦਰ ਨੂੰ ਸੁਰੱਖਿਆ ਬਲਾਂ ਨੇ ਕੱਲ੍ਹ ਸੋਪੋਰ ਵਿੱਚ ਇੱਕ ਮੁਕਾਬਲੇ ਦੌਰਾਨ ਮਾਰ ਸੁੱਟਿਆ। ਏ ਸ਼੍ਰੇਣੀ ਦਾ ਸੱਤ ਲੱਖ ਦਾ ਇਨਾਮੀ ਖਵਾਜ਼ਾ ਉਨ੍ਹਾਂ 14 ਅੱਤਵਾਦੀਆਂ ਵਿੱਚ ਸ਼ਾਮਲ ਸੀ, ਜਿਨ੍ਹਾਂ ਦਾ ਜੁਲਾਈ 2018 ਵਿੱਚ ਗਰੁੱਪ ਫੋਟੋ ਤੇ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਇਆ ਸੀ।

ਇਸ ਬਾਰੇ ਕਸ਼ਮੀਰ ਰੇਂਜ ਦੇ ਆਈ ਜੀ ਵਿਜੇ ਕੁਮਾਰ ਨੇ ਖਵਾਜ਼ਾ ਦੇ ਮਾਰੇ ਜਾਣ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਉਹ ਪਿਛਲੇ ਕੁਝ ਸਮੇਂ ਤੋਂ ਕਸ਼ਮੀਰ ਵਿੱਚ ਅਲ ਬਦਰ ਦੀਆਂ ਸਰਗਰਮੀਆਂ ਦਾ ਜ਼ਿੰਮਾ ਸੰਭਾਲੀ ਬੈਠਾ ਸੀ ਅਤੇ ਉਸ ਨੇ ਉਤਰੀ ਕਸ਼ਮੀਰਦੇ ਨਾਲ ਦੱਖਣੀ ਕਸ਼ਮੀਰ ਵਿੱਚ ਵੀ ਕਈ ਅੱਤਵਾਦੀ ਵਾਰਦਾਤਾਂ ਕੀਤੀਆਂ ਸਨ ਅਤੇ ਕਈ ਸਥਾਨਕ ਮੁੰਡਿਆਂ ਨੂੰ ਅੱਤਵਾਦੀ ਸੰਗਠਨ ਵਿੱਚ ਭਰਤੀ ਲਈ ਤਿਆਰ



ਕੀਤਾ ਸੀ। ਕਰਾਲਗੁੰਡ-ਹੰਦਵਾੜਾ (ਕੁਪਵਾੜਾ) ਦਾ ਰਹਿਣ ਵਾਲਾ ਇਹ ਅੱਤਵਾਦੀ ਕਈ ਵਾਰ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿੱਚੋਂ ਬਚ ਨਿਕਲਿਆ ਸੀ। ਆਈ ਜੀ ਨੇ ਦੱਸਿਆ ਕਿ ਦੁਪਹਿਰ ਬਾਅਦ ਸਾਨੂੰ ਖਵਾਜ਼ਾ ਦੇ ਸੋਪੋਰ ਵਿਚਲੇ ਤੁੱਜਰ ਸ਼ਰੀਫ ਵਿੱਚ ਇੱਕ ਟਿਕਾਣੇ ਦਾ ਪਤਾ ਲੱਗਿਆ। ਪੁਲਸ ਨੇ ਫੌਜ ਅਤੇ ਸੀ ਆਰ ਪੀ ਐਫ ਦੀ ਮਦਦ ਨਾਲ ਮੁਹਿੰਮ ਚਲਾਈ। ਖਵਾਜ਼ਾ ਨੇ ਫਾਇਰਿੰਗ ਕਰ ਕੇ ਭੱਜਣ ਦਾ ਯਤਨ ਕੀਤਾ, ਪਰ ਨਾਕਾਮ ਰਿਹਾ। ਉਸ ਨੂੰ ਆਤਮ ਸਮਰਪਣ ਕਰਨ ਦਾ ਮੌਕਾ ਦਿੱਤਾ ਗਿਆ ਸੀ, ਪਰ ਜਦੋਂ ਉਹ ਲਗਾਤਾਰ ਫਾਇਰ ਕਰਨ ਲੱਗਿਆ ਤਾਂ ਜਵਾਨਾਂ ਨੇ ਜਵਾਬੀ ਫਾਇਰ ਕਰ ਕੇ ਉਸ ਨੂੰ ਮਾਰ ਸੁੱਟਿਆ।

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

## ਚੈਕ ਬਾਊਂਸ ਦੇ ਕੇਸਾਂ ਬਾਰੇ ਸੁਪਰੀਮ ਕੋਰਟ ਨੇ ਕਮੇਟੀ ਬਣਾਈ

ਨਵੀਂ ਦਿੱਲੀ, 11 ਮਾਰਚ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਚੈਕ ਬਾਊਂਸ ਦੇ ਬਕਾਇਆ ਕੇਸਾਂ ਦੇ ਛੇਤੀ ਨਿਪਟਾਰੇ ਦੇ ਤਰੀਕੇ ਸੁਝਾਉਣ ਲਈ ਬੰਬਈ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਆਰ ਸੀ ਚੌਹੀਨ ਦੀ ਪ੍ਰਧਾਨਗੀਹੇਠ ਇੱਕ ਕਮੇਟੀ ਬਣਾਈ ਹੈ, ਜਿਸ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ, ਭਾਰਤੀ ਰਿਜ਼ਰਵ ਬੈਂਕ ਅਤੇ ਬੈਂਕਾਂ ਦੇ ਫੋਰਮ ਆਈ ਬੀ ਏ ਅਤੇ ਕੁਝ ਹੋਰ ਸੰਗਠਨਾਂ ਦੇ ਪ੍ਰਤੀਨਿਧੀ ਮੈਂਬਰ ਸ਼ਾਮਲ ਹੋਣਗੇ। ਇਸ ਕਮੇਟੀ ਦੇ ਲਈ ਕੇਂਦਰ ਸਰਕਾਰ ਨੂੰ ਮੈਂਬਰਾਂ ਦੇ ਨਾਂ ਦੇਣ ਲਈ ਕਿਹਾ ਗਿਆ ਹੈ। ਇਹ ਕਮੇਟੀ



ਤਿੰਨ ਮਹੀਨਿਆਂ ਵਿੱਚ ਰਿਪੋਰਟ ਦੇਵੇਗੀ।

ਚੀਫ ਜਸਟਿਸ ਐਸ ਏ ਬੋਬੜੇ ਦੀ ਪ੍ਰਧਾਨਗੀ ਵਾਲੀ ਪੰਜ ਜੱਜਾਂ ਦੀ ਬੈਂਚ ਨੂੰ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਦੱਸਿਆ ਕਿ ਕੇਂਦਰ ਸਰਕਾਰ ਚੈਕ ਬਾਊਂਸ ਦੇ ਕੇਸਾਂ ਦੇ ਨਿਪਟਾਰੇ ਦੇ ਤੌਰ-ਤਰੀਕੇ ਤੈਅ ਹੋਣ ਤੋਂ ਬਾਅਦ ਅਜਿਹੇ ਕੇਸਾਂ ਦੀ ਸੁਣਵਾਈ ਲਈ ਵਾਧੂ ਅਦਾਲਤਾਂ ਬਣਾਉਣ ਨੂੰ ਸਿਧਾਂਤਕ ਤੌਰ ਉੱਤੇ ਮੰਨ ਚੁੱਕੀ ਹੈ। ਚੈਕ ਬਾਊਂਸ ਦੇ 35 ਲੱਖ ਤੋਂ ਵੱਧ ਕੇਸ ਅਦਾਲਤਾਂ ਵਿੱਚਪਏ ਹਨ। ਸੁਪਰੀਮ ਕੋਰਟ ਨੇ ਬੀਤੇ ਹਫ਼ਤੇ ਇੰਨੀ ਵੱਡੀ ਗਿਣਤੀ ਅਜਿਹੇ ਕੇਸ ਪੈਂਡਿੰਗ ਹੋਣ ਨੂੰ 'ਅਜੀਬ ਸਥਿਤੀ'ਕਿਹਾ ਸੀ। ਅਦਾਲਤ ਨੇ ਕਿਹਾ ਕਿ ਕਮੇਟੀ ਦੇ ਹੋਰ ਮੈਂਬਰਾਂ ਵਿੱਚ ਵਿੱਤੀ ਸੇਵਾਵਾਂ ਦੇ ਵਿਭਾਗ, ਨਿਆਂ ਵਿਭਾਗ, ਕੰਪਨੀ ਮਾਮਲਿਆਂ ਦੇ ਵਿਭਾਗ, ਖ਼ਰਚ ਵਿਭਾਗ ਅਤੇ ਗ੍ਰਹਿ ਮੰਤਰਾਲੇ ਦੇ ਅਧਿਕਾਰੀ ਹੋਣਗੇ।

NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

SherGill Law Firm
Barrister, Solicitor & Notary Public
Services:
*Real Estate
*Residential, Commercial & Franchise
*Criminal Law
*Family Law
*Affidavit, Power Of Attorney & Notarization
*Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਐਡੀਲੇਡ ਵਿੱਚ ਪੰਜਾਬੀ ਕੁੜੀ ਦੇ ਕਤਲ ਵਿੱਚ ਨੌਜਵਾਨ ਗ੍ਰਿਫ਼ਤਾਰ

ਐਡੀਲੇਡ, 11 ਮਾਰਚ (ਪੋਸਟ ਬਿਊਰੋ)- ਸਾਊਥ ਆਸਟ੍ਰੇਲੀਆ ਦੀ ਰਾਜਧਾਨੀ ਐਡੀਲੇਡ ਵਿੱਚ 21 ਸਾਲਾਂ ਦੀ ਪੰਜਾਬੀ ਕੁੜੀ ਜਸਮੀਨ ਕੌਰ ਦਾ ਕਤਲ ਹੋ ਗਿਆ ਹੈ। ਉਸ ਦੀ ਲਾਸ਼ ਐਡੀਲੇਡ ਤੋਂ 400 ਕਿਲੋਮੀਟਰ ਦੂਰ ਫਲਿੰਡਰ ਰੇਂਜਸ ਦੀ ਇੱਕ ਕਬਰ ਤੋਂ ਮਿਲੀ ਹੈ। ਜਸਮੀਨ ਦੇ ਕਤਲ ਦਾ ਦੋਸ਼ ਕੁਰੈਲਟਾ ਪਾਰਕ ਦੇ ਰਹਿਣ ਵਾਲੇ 20 ਸਾਲਾ ਨੌਜਵਾਨ ਉੱਤੇ ਲੱਗਾ ਹੈ। ਪੁਲਸ ਨੇ ਕਾਤਲ ਦੀ ਪਛਾਣ ਨਾਦੱਸੀ ਕੇ ਏਨਾ ਕਿਹਾ ਕਿ ਜਸਮੀਨ ਨੂੰ ਆਖਰੀ ਵਾਰ ਨਰਸਿੰਗ ਹੋਮ ਵਿੱਚ ਦੇਖਿਆ ਗਿਆ ਸੀ, ਜਿੱਥੇ ਉਹ ਕੰਮ ਕਰਦੀ ਸੀ। ਉਸ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਵਾਈ ਗਈ ਸੀ। ਕੱਲ੍ਹ ਪੁਲਸ ਨੇ 20 ਸਾਲਾ ਮੁੰਡੇ ਤੋਂ ਪੁੱਛਗਿੱਛ ਕੀਤੀ, ਜੋ ਮ੍ਰਿਤਕ ਕੁੜੀ ਨੂੰ ਪਹਿਲਾਂ ਤੋਂ ਜਾਣਦਾ


ਮ੍ਰਿਤਕ ਲੜਕੀ ਦੀ ਫਾਇਲ ਫੋਟੋ।

ਤੇ ਉਸ ਦਾ ਦੋਸਤ ਸੀ। ਪੁੱਛਗਿੱਛ ਤੋਂ ਬਾਅਦ ਨੌਜਵਾਨ ਪੁਲਸ ਨੂੰ ਘਟਨਾ ਵਾਲੀ ਥਾਂ ਲੈ ਗਿਆ। ਉਥੇ ਪੁਲਸ ਨੇ ਨੌਜਵਾਨ ਉੱਤੇ ਕਤਲ ਦਾ ਕੇਸ ਦਰਜ ਕਰਕੇ ਕੱਲ੍ਹ ਕੋਰਟ ਵਿੱਚ ਪੇਸ਼ ਕੀਤਾ, ਜਿੱਥੇ ਉਸ ਨੂੰ ਰਿਮਾਂਡ ਉੱਤੇ ਭੇਜ ਦਿੱਤਾ ਗਿਆ। ਉਸ ਨੂੰ ਦਸੰਬਰ ਵਿੱਚ ਕੋਰਟ ਵਿੱਚ ਪੇਸ਼ ਕੀਤਾ ਜਾਵੇਗਾ ਤੇ ਉਦੋਂ ਤੱਕ ਉਹ ਬਿਨਾਂ ਜ਼ਮਾਨਤ ਦੇ ਰਿਮਾਂਡ ਉੱਤੇ ਰਹੇਗਾ। ਪੁਲਸ ਕੇਸ ਦੀ ਹਰ ਪੱਖ ਤੋਂ ਜਾਂਚ ਕਰ ਰਹੀ ਹੈ। ਉਸ ਨੂੰ ਸ਼ੱਕ ਹੈ ਕਿ ਜਸਮੀਨ ਦਾ ਕਤਲ ਚਾਰ ਤੋਂ 8 ਮਾਰਚ ਦੇ ਵਿਚਾਲੇ ਕੀਤਾ ਗਿਆ ਹੈ।

ਪਤਾ ਲੱਗਾ ਹੈ ਕਿ ਜਸਮੀਨ ਕੌਰ ਰਜਿਸਟਰਡ ਨਰਸਿੰਗ ਦੇ ਕੋਰਸ ਵਿੱਚ ਆਖ਼ਰੀ ਸਾਲ ਦੀ ਵਿਦਿਆਰਥਣ ਸੀ। ਉਹ ਏਜ਼ਡ ਕੇਅਰ ਵਿੱਚ ਨੌਕਰੀ ਕਰਦੀ ਤੇ ਐਡੀਲੇਡ ਵਿੱਚ ਆਪਣੇ ਰਿਸ਼ਤੇਦਾਰਾਂ ਕੋਲ ਰਹਿੰਦੀ ਸੀ। ਉਸ ਦੇ ਰਿਸ਼ਤੇਦਾਰਾਂ ਮੁਤਾਬਕ ਉਹ ਬਹੁਤ ਸਮਝਦਾਰ ਕੁੜੀ ਸੀ, ਜੋ ਸਭ ਨੂੰ ਪਿਆਰ ਕਰਦੀ ਸੀ। ਦੋਵੇਂ ਇੱਥੇ ਸਟੂਡੈਂਟ ਵੀਜ਼ੇ ਉਤੇ ਸਨ ਅਤੇ ਮੁੰਡਾ ਮਾਨਸਿਕ ਤਣਾਅ ਕਰਕੇ ਕੁਝ ਸਮਾਂ ਇਸ ਸਾਲ ਹਸਪਤਾਲ ਵੀ ਰਹਿ ਚੁਕਿਆ ਸੀ।

# ਹੈਰੀ ਤੇ ਮੇਗਨ ਦੀ ਇੰਟਰਵਿਊ ਨਾਲ ਬ੍ਰਿਟੇਨ ਅਤੇ ਕਾਮਨਵੈੱਲਥ ਦੇਸ਼ਾਂ ਵਿਚਾਲੇ ਸਬੰਧਾਂ ਵਿੱਚ ਕੁੜੱਤਣ

ਕੇਪਟਾਊਨ, 11 ਮਾਰਚ (ਪੋਸਟ ਬਿਊਰੋ)- ਪ੍ਰਿੰਸ ਹੈਰੀ ਅਤੇ ਉਨ੍ਹਾਂ ਦੀ ਪਤਨੀ ਮੇਗਨ ਦੇ ਬਿਆਨ ਪਿੱਛੋਂ ਬ੍ਰਿਟੇਨ ਦੇ ਨਾਲ ਇਤਿਹਾਸਕ ਸਬੰਧ ਰੱਖਣ ਵਾਲੇ ਦੇਸ਼ਾਂ ਵਿੱਚ ਸਵਾਲ ਖੜਾ ਹੋ ਗਿਆ ਹੈ ਕਿ ਕੀ ਉਹ ਅਸਲ ਵਿੱਚ ਬ੍ਰਿਟੇਨ ਅਤੇ ਉਸ ਦੇ ਸ਼ਾਹੀ ਪਰਵਾਰ ਨਾਲ ਨਜ਼ਦੀਕੀ ਰਿਸ਼ਤਾ ਰੱਖਣਾ ਚਾਹੁੰਦੇ ਹਨ।



ਵਰਣਨ ਯੋਗ ਹੈ ਕਿ ਮੇਗਨ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਸ਼ਾਹੀ ਪਰਵਾਰ ਦੇ ਇੱਕ ਮੈਂਬਰ ਨੇ ਉਨ੍ਹਾਂ ਦੇ ਬੱਚੇ ਦੇ ਜਨਮ ਤੋਂ ਪਹਿਲਾਂ ਉਸ ਬੱਚੇ ਦੇ ਰੰਗ ਉੱਤੇ ਚਿੰਤਾ ਪ੍ਰਗਟ ਕੀਤੀ ਸੀ। ਇਸ ਇੰਟਰਵਿਊ ਤੋਂ ਬਾਅਦ ਸ਼ਾਹੀ ਪਰਵਾਰ ਵਿੱਚ ਹਲਚਲ ਹੋਣੀ ਲਾਜ਼ਮੀ ਸੀ, ਪਰ ਇਹ ਮੁੱਦਾ ਕਾਮਨਵੈੱਲਥ ਦੇਸ਼ਾਂ ਦੇ ਪਰਵਾਰ ਤੱਕ ਪਹੁੰਚ ਗਿਆ ਹੈ, ਜੋ ਉਨ੍ਹਾਂ 54 ਦੇਸ਼ਾਂ ਦਾ ਗਰੁੱਪ ਹੈ, ਜਿਹੜੇ ਕਦੇ ਬ੍ਰਿਟੇਨ ਦੇ ਗੁਲਾਮ ਸਨ। ਮਹਾਰਾਣੀ ਐਲੀਜ਼ਾਬੇਥ-11 ਨੇ ਕਈ ਦਹਾਕਿਆਂ ਤੱਕ ਕਾਮਨਵੈੱਲਥ ਦੇਸ਼ਾਂ ਨਾਲ ਚੰਗੇ ਸਬੰਧ ਰੱਖਣ ਲਈ ਕੋਸ਼ਿਸ਼ਾਂ ਕੀਤੀਆਂ ਹਨ। ਕਾਮਨਵੈੱਲਥ ਦਿਵਸ ਉੱਤੇ ਅਮਰੀਕਾ ਵਿੱਚਟੈਲੀਕਾਸਟ ਕੀਤੀ ਗਈ ਇੰਟਰਵਿਊ ਪਿੱਛੋਂ ਆਸਟ੍ਰੇਲੀਆ ਦੇ ਸਾਬਕਾ ਪ੍ਰਧਾਨ ਮੰਤਰੀ ਮੈਲਕਮ ਟਰਨਬੁੱਲ ਨੇ ਕਿਹਾ ਕਿ ਮੇਗਨ ਦਾ ਬਿਆਨ, ਬ੍ਰਿਟੇਨ ਦੇ ਸ਼ਾਹੀ ਪਰਵਾਰ ਦੇ ਨਾਲ ਸੰਵਿਧਾਨਿਕ ਰਿਸ਼ਤੇ ਖ਼ਤਮ ਕਰਨ ਦਾ ਇੱਕ ਹੋਰ ਕਾਰਨ ਬਣ ਸਕਦਾ ਹੈ।ਟਰਨਬੁੱਲ ਨੇ 'ਆਸਟ੍ਰੇਲੀਅਨ ਬ੍ਰਾਡਕਾਸਟਿੰਗ ਕਾਰਪੋਰੇਸ਼ਨ' ਨੇ ਕਿਹਾ ਕਿ ਮਹਾਰਾਣੀ ਦੇ ਰਾਜ ਦੀ ਸਮਾਪਤੀ ਤੋਂ ਬਾਅਦ ਅਸੀਂ ਕਹਿ ਸਕਦੇ ਹਨ ਕਿ ਇਹ ਤਬਦੀਲੀ ਦਾ ਸਮਾਂ ਆ ਗਿਆ ਹੈ।

## ਸਰਵੇਖਣ ਮੁਤਾਬਕ ਯੂ ਕੇ ਵਿੱਚ ਔਰਤਾਂ ਦੀ ਬਰਾਬਰਤਾ ਖਤਰੇ 'ਚ

ਲੰਡਨ, 11 ਮਾਰਚ (ਪੋਸਟ ਬਿਊਰੋ)- ਯੂ ਕੇ ਵਿੱਚ ਔਰਤਾਂ ਦੀ ਬਰਾਬਰੀ ਖਤਰੇ ਵਿੱਚ ਹੈ। ਇਥੋਂ ਦੀਆਂ ਪੰਜਾਹ ਫੀਸਦੀ ਔਰਤਾਂ ਦਾ ਮੰਨਣਾ ਹੈ ਕਿ ਇਹ ਉਨ੍ਹਾਂ ਦੀ ਬਰਾਬਰਤਾ ਨੂੰ 1970ਵਿਆਂ ਵਾਂਗ ਹੀ ਕੰਮ ਵਾਲੀਆਂ ਥਾਵਾਂ 'ਤੇ, ਘਰਾਂ ਵਿੱਚ ਤੇ ਸਮਾਜ ਵਿੱਚ ਖਤਰਾ ਹੈ। ਇਸ ਦਾ ਖੁਲਾਸਾ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਜਾਰੀ ਕੀਤੇ ਇੱਕ ਸਰਵੇਖਣ ਦੌਰਾਨ ਸਾਹਮਣੇ ਆਇਆ ਹੈ। ਰਿਪੋਰਟ ਅਨੁਸਾਰ ਮਹਾਮਾਰੀ ਦੌਰਾਨ ਵੱਡੀ ਗਿਣਤੀ ਵਿੱਚ ਔਰਤਾਂ ਫਰਲੋ 'ਤੇ ਹਨ, ਨੌਕਰੀਆਂ ਗਵਾ ਚੁੱਕੀਆਂ ਹਨ ਤੇ ਵੇਖਿਆ ਜਾ ਰਿਹਾ ਹੈ ਕਿ ਔਰਤਾਂ ਘਰੇਲੂ ਸਕੂਲਾਂ ਤੇ ਘਰਾਂ ਦਾ ਬੋਝ ਚੁੱਕਣ ਦੀਆਂ ਸੰਭਾਵਨਾਵਾਂ ਵੱਲ ਵੱਧ ਰਹੀਆਂ ਹਨ। ਸਰਵੇਖਣ ਅਨੁਸਾਰ ਔਰਤਾਂ ਆਪਣੇ ਭਵਿੱਖ ਨੂੰ ਲੈ ਕੇ ਡਰ ਰਹੀਆਂ ਹਨ।

ਸਰਵੇਖਣ ਅਨੁਸਾਰ ਔਰਤਾਂ ਨੇ ਸਕੂਲ ਬੰਦ ਹੋਣ ਦਾ ਬੋਝ ਝੱਲਿਆ ਅਤੇ ਸੱਤਰ ਫੀਸਦੀ ਮਾਵਾਂ ਨੇ ਆਪਣੇ ਸਾਥੀ ਨਾਲ ਘਰ ਵਿੱਚ ਸਕੂਲ ਦਾ ਕੰਮ ਕੀਤਾ। ਤਿੰਨ ਚੌਥਾਈ ਔਰਤਾਂ ਨੇ ਕਿਹਾ ਕਿ ਉਨ੍ਹਾਂ ਦੇ ਸਾਥੀ ਵਾਸਤੇ ਨਿਰਵਿਘਨ ਕੰਮ ਕਰਨਾ ਵਧੇਰੇ ਆਸਾਨ ਸੀ। ਪੰਜ ਵਿੱਚੋਂ ਇੱਕ ਮਹਿਲਾ ਨੇ ਕਿਹਾ ਕਿ ਬੱਚਿਆਂ ਦੀ ਸੰਭਾਲ ਲਈ ਉਨ੍ਹਾਂ ਨੂੰ ਕੰਮ ਤੋਂ ਘੰਟੇ ਘਟਾਉਣੇ ਪਏ ਅਤੇ ਇੱਕ ਤਿਹਾਈ ਤੋਂ ਵੱਧ ਔਰਤਾਂ ਨੇ ਕਿਹਾ ਕਿ ਉਨ੍ਹਾਂ ਦਾ ਕੈਰੀਅਰ ਪ੍ਰਭਾਵਤ ਹੋਇਆ ਹੈ। ਸਰਵੇਖਣ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਮਹਾਮਾਰੀ ਦੌਰਾਨ ਲਿੰਗ ਅਸਮਾਨਤਾ ਵਿੱਚ ਵਾਧਾ ਹੋਇਆ ਹੈ, ਜਿਸ ਨਾਲ ਨਜਿੱਠਣ ਲਈ ਔਰਤਾਂ ਸੰਘਰਸ਼ ਕਰ ਰਹੀਆਂ ਹਨ।

## ਨਿਊਜ਼ੀਲੈਂਡ ਵਿੱਚ ਬੀਤੇ ਦਿਨੀਂ ਸੜੀ ਗੱਡੀ ਵਿੱਚ ਮਾਰੇ ਗਏ ਪੰਜਾਬੀ ਮੁੰਡੇ ਦੀ ਪਛਾਣ

ਆਕਲੈਂਡ, 11 ਮਾਰਚ (ਪੋਸਟ ਬਿਊਰੋ)- ਨਿਊਜ਼ੀਲੈਂਡ ਪੁਲਸ ਨੇ ਕੱਲ੍ਹ ਦੱਸਿਆ ਕਿ ਬੈਰੀ ਕਰਟਿਸ ਪਾਰਕ, ਚੈਪਲ ਰੋਡ, ਫਲੈਟ ਬੁੱਸ਼ ਵਿਖੇ ਰਾਤ ਅੱਠ ਵਜੇ ਇੱਕ ਸੜਦੀ ਹੋਈ ਕਾਰ ਮਿਲੀ ਸੀ। ਇਸ ਕਾਰ ਵਿੱਚ ਕਿਸੇ ਵਿਅਕਤੀ ਦੇ ਹੋਣ ਬਾਰੇ ਪਤਾ ਲੱਗਾ ਪੁਲਸ ਨੇ ਇਸ ਮਾਜਦਾ ਕਾਰ ਵਿੱਚੋਂ ਇੱਕ ਵਿਅਕਤੀ ਨੂੰ ਬਾਹਰ ਕੱਢ ਲਿਆ ਸੀ।




ਕੱਲ੍ਹ ਪੁਲਸ ਨੇ ਉਸ ਬਾਰੇ ਦੱਸਿਆ ਕਿ ਇਹ 26 ਸਾਲਾ ਭਾਰਤੀ ਨੌਜਵਾਨ ਮੁੰਡਾ ਕੁਨਾਲ ਖੇੜਾ ਸੀ। ਇਹ ਨੌਜਵਾਨ ਮੈਨੁਕਾਓ ਖੇਤਰ ਵਿੱਚ ਰਹਿੰਦਾ ਸੀ। ਡਿਟੈਕਟਿਵ ਸੀਨੀਅਰ ਸਰਜੈਂਟ ਨਟਾਲੀ ਨੈਲਸ਼ਨ ਨੇ ਇਸ ਮੌਤ ਨੂੰ ਅਜੇ ਰਹੱਸਮਈ ਤੇ ਅਸ਼ਪੱਸ਼ਟ ਦੱਸਿਆ ਹੈ ਜਿਸ ਦੀ ਅਗਲੀ ਜਾਂਚ ਚੱਲ ਰਹੀ ਹੈ। ਪੁਲਸ ਨੇ ਉਸ ਦੇ ਇੰਡੀਆ ਵਿੱਚ ਰਹਿੰਦੇ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਅਤੇ ਹਰ ਤਰ੍ਹਾਂ ਦੀ ਯੋਗ ਸਹਾਇਤਾ ਸਬੰਧੀ ਕਿਹਾ ਹੈ। ਪਤਾ ਲੱਗਾ ਹੈ ਕਿ ਇਹ ਨੌਜਵਾਨ ਜੇ ਪੀ ਨਗਰ ਸੰਗਰੂਰ ਨਾਲ ਸਬੰਧਤ ਸੀ ਅਤੇ ਆਪਣੇ ਪਰਵਾਰ ਦਾ ਇਕਲੌਤਾ ਪੁੱਤਰ ਸੀ।

## ਯੂ ਕੇ ਪੁਲਸ ਵੱਲੋਂ 10 ਸਾਲਾ ਲੜਕੀ ਉੱਤੇ ਬਿਜਲੀ ਵਾਲੀ ਸਟੰਨ ਗੰਨ ਵਰਤੀ ਗਈ

ਗਲਾਸਗੋ, 11 ਮਾਰਚ (ਪੋਸਟ ਬਿਊਰੋ)- ਯੂ ਕੇ ਵਿੱਚ ਇੱਕ ਘਰੇਲੂ ਪ੍ਰੇਸ਼ਾਨੀ ਵੇਲੇ ਕਾਰਵਾਈ ਕਰਦਿਆਂ ਪੁਲਸ ਨੇ ਸਥਿਤੀ ਨੂੰ ਕਾਬੂ ਕਰਨ ਲਈ ਇੱਕ ਦਸ ਸਾਲਾ ਲੜਕੀ ਉੱਤੇ ਇਲੈਕਟ੍ਰਿਕ ਸਟੰਨ ਗੰਨ ਦੀ ਵਰਤੋਂ ਕੀਤੀ ਹੈ।



ਇਸ ਸੰਬੰਧ ਵਿੱਚ ਪੁਲਸ ਨੇ ਦੱਸਿਆ ਕਿ ਇੱਕ ਲੜਕੀ ਵੱਲੋਂ ਆਪਣੀ ਕਾਰੋਬਾਰੀ ਮਾਂ ਨੂੰ ਬਾਗ਼ਬਾਨੀ ਨਾਲ ਸਬੰਧਤ ਕੈਂਚੀ ਅਤੇ ਹਥੌੜੇ ਨਾਲ ਧਮਕੀਆਂ ਦੇਣ ਦੀ ਸੂਚਨਾ ਮਿਲਦੇ ਸਾਰ ਅਧਿਕਾਰੀਆਂ ਵੱਲੋਂ ਇੱਕ ਪ੍ਰਾਈਵੇਟ ਅਸਟੇਟ ਦੇ ਫਲੈਟ ਉੱਤੇ ਕਾਰਵਾਈ ਕੀਤੀ ਤਾਂ ਅਧਿਕਾਰੀਆਂ ਨੇ ਲੜਕੀ ਨੂੰ ਹਥਿਆਰ ਸੁੱਟਣ ਲਈ ਕਿਹਾ, ਪਰ ਉਸ ਦੇ ਗੱਲ ਨਾ ਮੰਨਣ ਉੱਤੇ ਸਥਿਤੀ ਨੂੰ ਕਾਬੂ ਕਰਨ ਲਈ ਪੁਲਸ ਨੇ 50,000 ਵੋਲਟ ਦੀ ਇਲੈਕਟ੍ਰਿਕ ਸਟੈਨ ਗੰਨ ਵਰਤੀ।ਪੁਲਸ ਅਨੁਸਾਰ ਉਸ ਸਮੇਂ ਫਲੈਟ ਵਿੱਚ ਕੋਈ ਹੋਰ ਨਹੀਂ ਸੀ ਅਤੇ ਕੋਈ ਵੀ ਜ਼ਖ਼ਮੀ ਨਹੀਂ ਹੋਇਆ। ਪੁਲਸ ਵੱਲੋਂ ਸਟੰਨ ਗੰਨ ਵਰਤਣ ਦੇ ਇਸ ਮਾਮਲੇ ਵਿੱਚ ਇਸ ਲੜਕੀ ਨੂੰ ਯੂ ਕੇ ਦੀ ਸਭ ਤੋਂ ਛੋਟੀ ਲੜਕੀ ਮੰਨਿਆ ਗਿਆ ਹੈ।

ਸਾਬਕਾ ਡਿਟੈਕਟਿਵ ਮਿਕ ਨੇਵਿਲ ਦੇ ਅਨੁਸਾਰ ਇੱਕ ਪ੍ਰਾਇਮਰੀ ਸਕੂਲ ਦੀ ਬੱਚੀ ਉੱਤੇ ਇੱਕ ਟੀਜ਼ਰ ਦੀ ਵਰਤੋਂ ਬਹੁਤ ਪ੍ਰੇਸ਼ਾਨ ਕਰਨ ਵਾਲੀ ਗੱਲ ਹੈ, ਪਰ 10 ਸਾਲਾ ਬੱਚੀ ਦੇ ਹੱਥ ਵਿੱਚ ਹਥੌੜੇ ਵਰਗਾ ਹਥਿਆਰ ਮਾਰੂ ਸਿੱਧ ਹੋ ਸਕਦਾ ਹੈ। ਇਸ ਸਬੰਧੀ ਯੂ ਕੇ ਵਿੱਚ ਕੁਝ ਚੈਰਿਟੀਜ਼ ਵੱਲੋਂ ਅੰਡਰ-18 ਦੇ ਬੱਚਿਆਂ ਉੱਤੇ ਇਸ ਦੀ ਵਰਤੋਂ ਉਪਰ ਪਾਬੰਦੀ ਲਗਾਉਣ ਦੀ ਮੰਗ ਵੀ ਕੀਤੀ ਗਈ ਹੈ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777
416.802.5866
31 Melanie Dr. Unit #4 Brampton, ON L6T 5H8



$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੈਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ



$1,449,995
COTTRELLE/HWY50
ਲਗਭਗ 3500 ਵਰਗ ਫੁੱਟ ਵਿਚ ਬਣਿਆ4+2 ਬੈਡਰੂਮ ਅਤੇ 5 ਵਾਸ਼ਰੂਮ, 10 ਫੁੱਟ ਸੀਲਿੰਗ, 2 ਬੈਡਰੂਮ ਦੀ ਫਿਨਿਸ਼ਡ ਵਾਕਆਊਟ ਬੇਸਮੈਂਟ 9 ਫੁੱਟ ਦੀ ਸੀਲਿੰਗ ਨਾਲ, ਵੱਖਰੀ ਲਾਉਂਡਰੀ, ਬਿਲਟ ਇਨ ਅਪਲਾਈਂਸਸ ਅਪਗ੍ਰੇਡ ਕਿਚਨ, ਗਰੇਨਾਈਟ ਕਾਊਂਟਰ, ਸੈਂਟਰ ਆਈਲੈਂਡ, ਗਰੇਨਾਈਨ ਬੈਕ ਸਪਲੈਸ਼,ਬਹੁਤ ਸਾਰੀਆਂ ਪੋਟ ਲਾਈਟਾਂ, ਓਕਸਟੇਅਰ ਕੇਸ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ



$1,149,000
SANDALWOOD/BRAMALEA
ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੇਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ


## 90 ਫ਼ੀਸਦੀ ਕੁੜੀਆਂ ਆਪਣੇ ਫੋਟੋ ਪੋਸਟ ਕਰਨ ਤੋਂ ਪਹਿਲਾਂ ਫਿਲਟਰ ਦੀ ਵਰਤੋਂ ਕਰਦੀਆਂ ਨੇ

ਲੰਡਨ, 11 ਮਾਰਚ (ਪੋਸਟ ਬਿਊਰੋ)- ਸਮਾਰਟਫੋਨ ਦੇ ਜਮਾਨੇ ਵਿੱਚ ਆਪਣੀ ਵਧੀਆ ਫੋਟੋ ਖਿੱਚ ਕੇ ਸੋਸ਼ਲ ਮੀਡੀਆ 'ਤੇ ਪੋਸਟ ਕਰਨ ਦਾ ਰਿਵਾਜ਼ ਹੈ। ਇਸ ਦੌਰਾਨ ਇੱਕ ਨਵੇਂ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ 90 ਫੀਸਦੀ ਕੁੜੀਆਂ ਆਨਲਾਈਨ ਪੋਸਟ ਕਰਨ ਤੋਂ ਪਹਿਲਾਂ ਆਪਣੀਆਂ ਫੋਟੋਆਂ ਨੂੰ ਐਡਿਟ ਕਰਦੀਆਂ ਅਤੇ ਫਿਰ ਹੋਰ ਵਧੀਆ ਬਣਾਉਣ ਲਈ ਇੱਕ ਫਿਲਟਰ ਦੀ ਵਰਤੋਂ ਕਰਦੀਆਂ ਹਨ। ਨਤੀਜੇ ਦੱਸਦੇ ਹਨ ਕਿ ਨੌਜਵਾਨ ਔਰਤਾਂ ਆਪਣੀਆਂ ਫੋਟੋਆਂ ਆਨਲਾਈਨ ਸ਼ੇਅਰ ਕਰਨ ਦੇ ਮਾਮਲੇ ਵਿੱਚ ਬਹੁਤ ਸੰਵੇਦਨਸ਼ੀਲ ਹਨ ਅਤੇ ਇਸ ਨੂੰ ਲੈ ਕੇ ਉਹ ਚਿੰਤਤ ਵੀ ਰਹਿੰਦੀਆਂ ਹਨ। ਕੋਵਿਡ-19 ਮਹਾਮਾਰੀ ਦੌਰਾਨ ਇਹ ਰੁਝਾਨ ਹੋਰ ਵੀ ਵਧ ਗਿਆ ਹੈ।



ਅਧਿਐਨ ਵਿੱਚ ਦੱਸਿਆ ਗਿਆ ਹੈ ਕਿ ਇਹ ਲੜਕੀਆਂ ਆਪਣੀ ਸਕਿਨ ਟੋਨ ਨੂੰ ਹਟਾਉਣ ਲਈ ਫੋਟੋ ਨੂੰ ਫਿਲਟਰ ਜਾਂ ਐਡਿਟ ਕਰਦੀਆਂ ਹਨ। ਉਹ ਆਪਣੇ ਜਬਾੜੇ ਅਤੇ ਨੱਕ ਨੂੰ ਵੀ ਐਡਿਟ ਕਰ ਕੇ ਚੰਗੀ ਸ਼ੇਪ ਦਿੰਦੀਆਂ ਹਨ। ਜੇ ਉਨ੍ਹਾਂ ਨੂੰ ਫੋਟੋ ਵਿੱਚ ਆਪਣਾ ਭਾਰ ਵੱਧ ਲੱਗਦਾ ਹੈ ਤਾਂ ਉਹ ਫੋਟੋ ਨੂੰ ਇਸ ਤਰ੍ਹਾਂ ਨਾਲ ਐਡਿਟ ਕਰਦੀਆਂ ਹਨ ਕਿ ਉਨ੍ਹਾਂ ਦਾ ਭਾਰ ਘੱਟ ਦਿਖੇ। ਇਸ ਦੇ ਇਲਾਵਾ ਉਹ ਆਪਣੀ ਸਕਿਨ ਹੋਰ ਚਮਕਾਉਣ ਦੇ ਨਾਲ ਹੀ ਆਪਣੇ ਦੰਦਾਂ ਸਬੰਧੀ ਵੀ ਆਕਰਸ਼ਕ ਸ਼ੇਪ ਬਣਾਉਂਦੀਆਂ ਹਨ ਅਤੇ ਇਸ ਦੇ ਲਈ ਵੱਖ-ਵੱਖ ਫਿਲਟਰ ਦੀ ਵਰਤੋਂ ਕਰਦੀਆਂ ਹਨ।ਸੋਸ਼ਲ ਮੀਡੀਆ 'ਤੇ ਪੋਸਟ ਕਰਨ ਨਾਲ ਉਨ੍ਹਾਂ ਨੂੰ 'ਲਾਈਕ' ਅਤੇ ਸ਼ਲਾਘਾ ਮਿਲਦੀ ਹੈ, ਜਿਸ ਨਾਲ ਉਹ ਬਹੁਤ ਖ਼ੁਸ਼ ਹੁੰਦੀਆਂ ਹਨ, ਪਰ ਜ਼ਿਆਦਾਤਰ ਨੌਜਵਾਨ ਔਰਤਾਂ ਲਈ ਇਹ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਵੀ ਹੈ।

## ਜਹਾਜ਼ ਕ੍ਰੈਸ਼ ਪਿੱਛੋਂ ਜੰਗਲ ਵਿੱਚ ਫਸਿਆ ਪਾਇਲਟ ਚਿੜੀਆਂ ਦੇ ਆਂਡੇ ਖਾ ਕੇ ਪੰਜ ਹਫਤੇ ਜ਼ਿੰਦਾ ਰਿਹਾ

ਬਰਾਜ਼ੀਲ, 11 ਮਾਰਚ (ਪੋਸਟ ਬਿਊਰੋ)- ਇੱਕ ਪਲੇਨ ਕ੍ਰੈਸ਼ ਹੋਣ ਪਿੱਛੋਂ ਪਾਇਲਟ ਅਮੇਜਨ ਦੇ ਖਤਰਨਾਕ ਜੰਗਲਾਂ ਵਿੱਚ ਡਿੱਗ ਗਿਆ ਅਤੇ ਪੰਜ ਹਫਤੇ ਤੱਕ ਚਿੜੀਆਂ ਦੇ ਆਂਡੇ ਅਤੇ ਜੰਗਲੀ ਫਲਾਂ ਨੂੰ ਖਾ ਕੇ ਜ਼ਿੰਦਾ ਰਿਹਾ।

ਡੇਲੀਮੇਲ ਦੀ ਖਬਰ ਅਨੁਸਾਰ 36 ਸਾਲਾ ਪਾਇਲਟ ਐਂਟੋਨੀਓ 28 ਜਨਵਰੀ ਤੋਂ ਲਾਪਤਾ ਸੀ। ਉਸ ਨੇ ਜੰਗਲ ਦੇ ਅਲੇਂਕੇਰ ਸ਼ਹਿਰ ਤੋਂ ਉਡਾਣ ਭਰੀ ਸੀ ਅਤੇ ਐਲਮੇਰੀਅਮ ਸ਼ਹਿਰ ਜਾਣਾ ਸੀ। ਇਸ ਦੌਰਾਨ ਜਹਾਜ਼ ਵਿੱਚ ਕੋਈ ਤਕਨੀਕੀ ਖਰਾਬੀ ਆਉਣ ਕਾਰਨ ਉਸ ਨੇ ਜਹਾਜ ਨੂੰ ਅਮੇਜਨ ਦੇ ਜੰਗਲਾਂ ਵਿੱਚ ਉਤਾਰਨ ਦਾ ਫੈਸਲਾ ਕੀਤਾ, ਪਰ ਜਹਾਜ਼ ਕ੍ਰੈਸ਼ ਹੋ ਗਿਆਤੇ ਉਹ ਜੰਗਲਾਂ ਵਿੱਚ ਫਸ ਗਿਆ। ਇਥੇ ਜ਼ਿੰਦਾ ਰਹਿਣ ਦੇ ਲਈ ਉਸ ਕੋਲ ਖਾਣ ਲਈ ਕੁਝ ਵੀ ਨਹੀਂ ਸੀ, ਜੋ ਕੁਝ ਖਾਣ ਦਾ ਸਾਮਾਨ ਉਸ ਨੇ ਕ੍ਰੈਸ਼ ਤੋਂ ਪਹਿਲਾਂ ਥੈਲੇ ਵਿੱਚ ਜਮ੍ਹਾ ਕੀਤਾ ਸੀ, ਉਹ ਦੋ-ਤਿੰਨ ਦਿਨਾਂ ਵਿੱਚ ਮੁੱਕ ਗਿਆ। ਇਸ ਦੇ ਬਾਅਦ ਉਸ ਨੇ ਆਪਣਾ ਪੇਟ ਭਰਨ ਲਈ ਚਿੜੀਆਂ ਦੇ ਆਲ੍ਹਣਿਆਂ ਵਿੱਚੋਂ ਆਂਡੇ ਖਾਣੇ ਸ਼ੁਰੂ ਕੀਤੇ। ਐਂਟੋਨੀਓ ਨੇ ਜੰਗਲੀ ਫਲਾਂ ਤੋਂ ਵੀ ਪ੍ਰਹੇਜ ਨਹੀਂ ਕੀਤਾ। ਅਜਿਹਾ ਪੰਜ ਹਫਤਿਆਂ ਤੱਕ ਚਲਦਾ ਰਿਹਾ, ਜਦ ਤੱਕ ਕਿ ਰੈਸਕਿਊ ਟੀਮ ਨੇ ਉਸ ਨੂੰ ਲੱਭ ਨਹੀਂ ਲਿਆ।ਪਾਇਲਟ ਦੇ ਲਾਪਤਾ ਹੋਣ ਦੇ ਬਾਅਦ ਰੈਸਕਿਊ ਟੀਮ ਉਸ ਨੂੰ ਲੱਭਣ ਦੀ ਮੁਹਿੰਮ ਵਿੱਚ ਲੱਗ ਗਈ ਸੀ। ਐਂਟੋਨੀਓ ਆਪਣੇ ਜਹਾਜ਼ ਦੇ ਨੇੜੇ ਕਈ ਦਿਨ ਰਹਿਣ ਪਿੱਛੋਂ ਮਦਦ ਦੀ ਭਾਲ ਵਿੱਚ ਲਗਾਤਾਰ ਜੰਗਲਾਂ ਵਿੱਚ ਘੁੰਮਦਾਰਿਹਾ ਸੀ। ਇੱਕ ਮਹੀਨੇ ਤੋਂ ਵੱਧ ਸਮੇਂ ਤੱਕ ਕਈ ਖਤਰਨਾਕ ਜਾਨਵਰਾਂ ਦੀ ਮੌਜੂਦਗੀ ਵਾਲੇ ਜੰਗਲ ਵਿੱਚ ਉਹ ਮਜ਼ਬੂਤੀ ਨਾਲ ਡਟਿਆਰਿਹਾ। ਜੰਗਲਾਂ ਵਿੱਚ ਮਦਦ ਲੱਭਣ ਦੇ ਦੌਰਾਨ ਉਸ ਦੀ ਰੈਸਕਿਊ ਟੀਮ ਨਾਲ ਮੁਲਾਕਾਤ ਹੋ ਗਈ। ਇਸ ਦੇ ਬਾਅਦ ਟੀਮ ਐਂਟੋਨੀਓ ਨੂੰ ਹਸਪਤਾਲ ਲੈ ਗਈ, ਜਿੱਥੇ ਡਾਕਟਰਾਂ ਨੇ ਕੁਝ ਛੋਟੀ-ਮੋਟੀ ਸੱਟ ਅਤੇ ਡਿਹਾਈਡਰੇਸ਼ਨ ਦਾ ਇਲਾਜ ਕਰਨ ਦੇ ਬਾਅਦ ਉਸ ਨੂੰ ਛੁੱਟੀ ਦੇ ਦਿੱਤੀ।


Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044





## ਗਿਲਗਿਤ-ਬਾਲਤਿਸਤਾਨ ਨੂੰ ਪਾਕਿ ਦੇ ਇਸ਼ਾਰੇ ਉੱਤੇ ਸੂਬਾਈ ਦਰਜਾ

ਇਸਲਾਮਾਬਾਦ, 11 ਮਾਰਚ (ਪੋਸਟ ਬਿਊਰੋ)- ਭਾਰਤ ਦੇ ਵਿਰੋਧ ਨੂੰ ਲਾਂਭੇ ਕਰ ਕੇ ਗਿਲਗਿਤ ਬਾਲਤਿਸਤਾਨ ਦੀ ਵਿਧਾਨ ਸਭਾ ਨੇ ਖੇਤਰ ਨੂੰ ਸੂਬਾਈ ਦਰਜਾ ਦੇਣ ਦਾ ਇੱਕ ਮਤਾ ਬੀਤੇ ਦਿਨ ਪਾਸ ਕੀਤਾ। ਮਤੇ ਵਿੱਚ ਇਮਰਾਨ ਸਰਕਾਰ ਤੋਂ ਹੋਰ ਸੰਵਿਧਾਨਕ ਸੰਸਥਾਵਾਂ ਵਿੱਚ ਵੀ ਨੁਮਾਇੰਦਗੀ ਦੇਣ ਦੀ ਮੰਗ ਕੀਤੀ ਗਈ ਹੈ।



ਦੱਸਣਯੋਗ ਹੈ ਕਿ ਪਾਕਿਸਤਾਨ ਵੱਲੋਂ ਗਿਲਗਿਤ-ਬਾਲਤਿਸਤਾਨ ਨੂੰ ਸੂਬਾਈ ਦਰਜਾ ਦੇਣ ਦੀ ਕੋਸ਼ਿਸ਼ ਦਾ ਭਾਰਤ ਨੇ ਇਹ ਕਹਿ ਕੇ ਵਿਰੋਧ ਕੀਤਾ ਸੀ ਕਿ ਇਸ ਨਾਲ ਉਹ ਇਲਾਕੇ 'ਤੇ ਕਬਜ਼ਾ ਕਰ ਲੈਣ ਲਈ ਤਿਆਰ ਹੈ। ਪਾਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਅਗਵਾਈ ਵਾਲੀ ਪਾਕਿਸਤਾਨ ਤਹਿਰੀਕੇ ਇਨਸਾਫ ਪਾਰਟੀ(ਪੀ ਟੀ ਆਈ)ਦੇ ਗਿਲਗਿਤ-ਬਾਲਤਿਸਤਾਨ ਦੇ ਮੁੱਖ ਮੰਤਰੀ ਖਾਲਿਦ ਖੁਰਸ਼ੀਦ ਖਾਨ ਨੇ ਵਿਧਾਨ ਸਭਾ ਵਿੱਚ ਇਹ ਮਤਾ ਰੱਖਿਆ। ਇਸ ਦੌਰਾਨ ਸਾਰੀਆਂ ਪਾਰਟੀਆਂ ਨੇ ਮੰਗ ਕੀਤੀ ਕਿ ਇਮ-ਰਾਨ ਸਰਕਾਰ ਇਸ ਖੇਤਰ ਨੂੰ ਨਾ ਸਿਰਫ ਸੂਬਾਈ ਦਰਜਾ ਦੇਵੇ, ਸਗੋਂ ਪਾਰਲੀਮੈਂਟ ਅਤੇ ਹੋਰ ਸੰਵਿਧਾਨਕ ਅਦਾਰਿਆਂ ਵਿੱਚ ਵੀ ਪ੍ਰਤੀਨਿਧਤਾ ਦਿੱਤੀ ਜਾਵੇ। ਪ੍ਰਸਤਾਵ ਵਿੱਚ ਕਿਹਾ ਗਿਆ ਕਿ ਕਸ਼ਮੀਰ ਮੁੱਦੇ 'ਤੇ ਦੇਸ਼ ਦੇ ਨਜ਼ਰੀਏ ਨੂੰ ਨੁਕਸਾਨ ਪਹੁੰਚਾਏ ਬਿਨਾਂ ਗਿਲਗਿਤ-ਬਾਲਤਿਸਤਾਨ ਨੂੰ ਸੂਬਾਈ ਦਰਜਾ ਦੇਣ ਲਈ ਸੰਵਿਧਾਨ ਵਿੱਚ ਸੋਧ ਕੀਤੀ ਜਾਵੇ। ਮੁੱਖ ਮੰਤਰੀ ਖਾਨ ਨੇ ਕਿਹਾ, 'ਸੰਵਿਧਾਨਕ ਅਧਿਕਾਰਾਂ ਦੀ ਮੰਗ ਗਿਲਗਿਤ-ਬਾਲਤਿਸਤਾਨ ਦੇ ਲੋਕਾਂ ਦੀ ਸਾਂਝੀ ਹੈ। ਇਸ ਦਾ ਕਿਸੇ ਵਿਅਕਤੀ ਜਾਂ ਪਾਰਟੀ ਨਾਲ ਲੈਣਾ ਦੇਣਾ ਨਹੀਂ ਹੈ।'

ਵਰਣਨ ਯੋਗ ਹੈ ਕਿ ਪਿਛਲੇ ਵਰ੍ਹੇ ਦਸੰਬਰ ਵਿੱਚ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਗਿਲਗਿਤ-ਬਾਲਤਿਸਤਾਨ ਦੀ ਸਥਿਤੀ ਨੂੰ ਬਦਲਣ ਬਾਰੇ ਸਿਫਾਰਸ਼ਾਂ ਦੇਣ ਲਈ ਇੱਕ 12 ਮੈਂਬਰੀ ਕਮੇਟੀ ਬਣਾਈ ਸੀ। ਪਾਕਿਸਤਾਨ ਸਰਕਾਰ ਦੀ ਇਸ ਕੋਸ਼ਿਸ਼ 'ਤੇ ਭਾਰਤੀ ਵਿਦੇਸ਼ ਮੰਤਰ-ਾਲੇ ਨੇ ਸਖਤ ਇਤਰਾਜ਼ ਕੀਤਾ ਸੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਸਾਰ ਸ੍ਰੀਵਾਸਤਵ ਨੇ ਕਿਹਾ ਸੀ ਕਿ ਭਾਰਤ ਅਜਿਹੇ ਕਿਸੇ ਵੀ ਯਤਨ ਨੂੰ ਖਾਰਜ ਕਰਦਾ ਹੈ ਤੇ ਇਸਲਾਮਾ-ਬਾਦ ਤੋਂ ਛੇਤੀ ਤੋਂ ਛੇਤੀ ਖੇਤਰ ਨੂੰ ਖਾਲੀ ਕਰਨ ਦੀ ਅਪੀਲ ਕਰਦਾ ਹੈ।

# 'ਦਿਸ਼ਾ' ਵੱਲੋਂ ਕਰਵਾਇਆ ਗਿਆ ਅੰਤਰ-ਰਾਸ਼ਟਰੀ ਔਰਤ-ਦਿਵਸ ਨੂੰ ਸਮਰਪਿਤ ਦੋ-ਰੋਜ਼ਾ ਵੈਬੀਨਾਰ

ਬਰੈਂਪਟਨ (ਡਾ. ਝੰਡ) -8 ਮਾਰਚ, ਔਰਤਾਂ ਦੀ ਅੰਤਰ-ਰਾਸ਼ਟਰੀ ਸੰਸਥਾ 'ਦਿਸ਼ਾ' ਵੱਲੋਂ ਅੰਤਰ-ਰਾਸ਼ਟਰੀ ਨਾਰੀ-ਦਿਵਸ ਨੂੰ ਸਮਰਪਿਤ ਦੋ-ਰੋਜ਼ਾ ਵੈਬੀਨਾਰ ਆਯੋਜਿਤ ਕੀਤਾ ਗਿਆ। 6 ਮਾਰਚ ਸ਼ਨੀਵਾਰ ਨੂੰ ਬੀਤੇ ਦਿਨੀਂ ਮਜ਼ਦੂਰ ਆਗੂ ਵਜੋਂ ਉੱਭਰੀ ਅਤੇ ਹਰਿਆਣਾ ਪੁਲੀਸ ਦੇ ਜਬਰ ਦਾ ਸ਼ਿਕਾਰ ਹੋਈ ਨੌਦੀਪ ਕੌਰ ਨਾਲ ਰੂ-ਬਰੂ ਦਾ ਪ੍ਰੋਗਰਾਮ ਸੀ ਅਤੇ ਉਸ ਤੋਂ ਅਗਲੇ ਦਿਨ ਐਤਵਾਰ 7 ਮਾਰਚ ਨੂੰ ਰਾਜਸਥਾਨ ਦੇ ਪਿੰਡ ਭਤੇਰੀ ਦੀ ਵਸਨੀਕ ਭੰਵਰੀ ਦੇਵੀ ਜੋ ਉੱਥੇ ਦਸੰਬਰ 1992 ਵਿਚ ਜ਼ੋਰ-ਜਬਰ ਤੇ ਬਲਾਤਕਾਰ ਦਾ ਸ਼ਿਕਾਰ ਹੋਈ ਸੀ, ਵੱਲੋਂ ਹਾਜ਼ਰੀਨ ਨਾਲ ਵਿਚਾਰ ਸਾਂਝੇ ਕਰਨ ਦਾ ਸੀ।

ਪਹਿਲੇ ਦਿਨ ਦੇ ਵੈਬੀਨਾਰ ਦੀ ਸ਼ੁਰੂਆਤ ਪੱਤਰਕਾਰ, ਨਾਰੀ ਸੰਘਰਸ਼ ਤੇ ਕਿਸਾਨ ਸੰਘਰਸ਼ ਦੀ ਕਾਰਕੁੰਨ ਸੰਗੀਤ ਤੂਰ ਜਿਸ ਨੇ ਆਪਣੀਆਂ ਸਖ਼ੀਆਂ ਨਾਲ ਮਿਲ ਕੇ ਪਿਛਲੇ ਦਿਨੀਂ "ਕਿਰਤੀ ਧਰਤੀ" ਨਾਂ ਦਾ ਅਖ਼ਬਾਰ ਆਰੰਭ ਕੀਤਾ ਹੈ ਅਤੇ ਜਿਸ ਦਾ ਸਮੁੱਚਾ ਪ੍ਰਬੰਧ ਲੜਕੀਆਂ ਹੀ ਕਰਦੀਆਂ ਹਨ, ਵੱਲੋਂ ਕੀਤੀ ਗਈ। ਇਸ ਦੌਰਾਨ ਨੌਦੀਪ ਕੌਰ ਨੇ ਆਪਣੇ ਜੀਵਨ-ਬ੍ਰਿਤਾਂਤ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਿ ਉਹ ਪੰਜਾਬ ਦੇ ਮੁਕਤਸਰ ਜ਼ਿਲੇ ਦੇ ਇਕ ਦਲਿਤ ਪਰਿਵਾਰ ਨਾਲ ਸਬੰਧਿਤ ਹੈ। ਉਸ ਦੇ ਮਾਪੇ ਖੇਤ-ਮਜ਼ਦੂਰਾਂ ਅਤੇ ਕਿਰਤੀਆਂ ਦੇ ਹੱਕਾਂ ਲਈ ਲੜਾਈ ਵਿਚ ਕੁੱਦੇ ਸਨ ਅਤੇ ਉਨ੍ਹਾਂ ਦੇ ਹੱਕਾਂ ਲਈ ਉਹ ਕੇਵਲ ਸਰਗ਼ਰਮ ਹੀ ਨਹੀਂ ਸਨ, ਸਗੋਂ ਇਸ ਸੰਘਰਸ਼ ਵਿਚ ਮੁੱਖ-ਭੂਮਿਕਾ ਰਹੇ ਸਨ। ਜਦੋਂ ਪਿੰਡ ਦੀ ਇਕ ਦਲਿਤ ਲੜਕੀ ਨਾਲ ਸਰਦੇ-ਪੁੱਜਦੇ ਪਰਿਵਾਰ ਦੇ ਲੜਕੇ ਵੱਲੋਂ ਬਲਾਤਕਾਰ ਕੀਤਾ ਗਿਆ ਤਾਂ ਉਸ ਦੇ ਪਰਿਵਾਰ ਨੇ ਇਸ ਦੇ ਵਿਰੁੱਧ ਸੰਘਰਸ਼ ਕੀਤਾ ਜਿਸ ਵਿਚ ਹੋਰ ਦਲਿਤ ਪਰਿਵਾਰਾਂ ਵੱਲੋਂ ਵੀ ਉਨ੍ਹਾਂ ਦਾ ਸਾਥ ਦਿੱਤਾ ਗਿਆ। ਸਿੱਟੇ ਵਜੋਂ, ਇਨ੍ਹਾਂ ਦਲਿਤ ਪਰਿਵਾਰਾਂ ਦਾ ਸਮਾਜਿਕ-ਬਾਈਕਾਟ ਕਰ ਦਿੱਤਾ ਗਿਆ। ਹਾਲਾਤ ਇਸ ਹੱਦ ਤੀਕ ਬਦਤਰ ਬਣਾ ਦਿੱਤੇ ਗਏ ਕਿ ਉਨ੍ਹਾਂ ਦੇ ਪਰਿਵਾਰ ਨੂੰ ਪਿੰਡ ਛੱਡਣਾ ਪਿਆ ਅਤੇ ਭਾਰਤ ਦੇ ਇਕ ਦੱਖਣੀ ਸੂਬੇ ਵਿਚ ਜਾ ਕੇ ਸ਼ਰਨ ਲੈਣੀ ਪਈ ਜਿਸ ਕਾਰਨ ਉਸ ਨੂੰ ਆਪਣੀ ਪੜ੍ਹਾਈ ਵਿਚਾਲੇ ਹੀ ਛੱਡਣੀ ਪਈ। ਰੋਜ਼ਗਾਰ ਦੀ ਭਾਲ ਵਿਚ ਉਹ ਹਰਿਆਣੇ ਆ ਗਈ ਜਿੱਥੇ ਉਸ ਨੂੰ ਕੁੰਡਲੀ ਇੰਡਸਟ੍ਰੀਅਲ ਏਰੀਏ ਵਿਚ ਇਕ ਫ਼ੈਕਟਰੀ ਵਿਚ ਨੌਕਰੀ ਮਿਲੀ। ਇੱਥੇ ਉਸ ਨੇ ਮਜ਼ਦੂਰਾਂ ਦੇ ਹੱਕਾਂ ਦੀ ਆਵਾਜ਼ ਉਠਾਈ ਅਤੇ ਉਹ ਉਨ੍ਹਾਂ ਦੀਆਂ ਤਨਖ਼ਾਹਾਂ ਅਤੇ ਬਕਾਇਆਂ ਦੇ ਲੱਖਾਂ ਰੁਪਏ ਦਿਵਾਉਣ ਵਿਚ ਕਾਮਯਾਬ ਹੋਈ ਜਿਸ ਕਾਰਨ ਉਹ ਫ਼ੈਕਟਰੀਆਂ ਦੇ ਮਾਲਕਾਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਈ ਅਤੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ।

ਇਸ ਦੌਰਾਨ ਹੀ ਉਹ "ਮਜ਼ਦੂਰ ਅਧਿਕਾਰ ਸੰਗਠਨ" ਨਾਂ ਦੀ ਜੱਥੇਬੰਦੀ ਦੀ ਨੇਤਾ ਬਣ ਗਈ। ਕਿਸਾਨ ਮੋਰਚੇ ਦੀ ਹਮਾਇਤ ਕਰਨ ਲਈ ਆਪਣੀ ਜੱਥੇਬੰਦੀ ਦੇ ਦੋ ਹਜ਼ਾਰ ਮਜ਼ਦੂਰਾਂ ਨਾਲ ਦਿੱਲੀ ਦੇ ਸਿੰਘੂ ਬਾਰਡਰ 'ਤੇ ਇਸ ਅੰਦੋਲਨ ਵਿਚ ਸ਼ਾਮਲ ਹੋਈ। ਇਨ੍ਹਾਂ ਕਾਰਨਾਂ ਕਰਕੇ 12 ਜਨਵਰੀ 2021 ਨੂੰ ਉਸ ਉੱਪਰ ਝੂਠੇ ਕੇਸ ਪਾ ਕੇ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਮਰਦਾਨਾ ਪੁਲੀਸ ਨੇ ਉਸ ਦੀ ਬੇਤਹਾਸ਼ਾ ਕੁੱਟ-ਮਾਰ ਕੀਤੀ। ਕੋਈ ਡਾਕਟਰੀ ਮੁਆਇਨਾ ਨਹੀਂ ਕਰਵਾਇਆ ਗਿਆ ਅਤੇ ਕਰਨਾਲ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਬਹੁਤ ਸਾਰੀਆਂ ਮਨੁੱਖੀ ਅਧਿਕਾਰ ਜੱਥੇਬੰਦੀਆਂ ਵੱਲੋਂ ਇਸ ਦੇ ਵਿਰੁੱਧ ਆਵਾਜ਼ ਉਠਾਉਣ ਅਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲਾਂ ਰਜਿੰਦਰ ਸਿੰਘ ਚੀਮਾ ਅਤੇ ਰਾਜਵਿੰਦਰ ਸਿੰਘ ਬੈਂਸ ਦੀਆਂ ਟੀਮਾਂ ਦੇ ਦਖ਼ਲ ਸਦਕਾ ਉਸ ਨੂੰ ਜ਼ਮਾਨਤ 'ਤੇ ਰਿਹਾ ਕੀਤਾ ਗਿਆ। ਇਸ ਵੈਬੀਨਾਰ ਦੌਰਾਨ ਉਸ ਦੀ ਵੱਡੀ ਭੈਣ ਰਾਜਬੀਰ ਕੌਰ ਜੋ ਇਸ ਸਮੇਂ ਦਿੱਲੀ ਯੂਨੀਵਰਸਿਟੀ ਵਿਚ ਪਾਕਿਸਤਾਨੀ ਸਾਹਿਤ ਉੱਪਰ ਪੀ.ਐੱਚ.ਡੀ. ਕਰ ਰਹੀ ਹੈ ਅਤੇ ਜਿਸ ਨੇ ਪਾਕਿਸਤਾਨ ਦੇ ਮਸ਼ਹੂਰ ਪੰਜਾਬੀ ਕਵੀ ਬਾਬਾ ਜਜਮੀ ਉੱਪਰ ਐੱਮ.ਫ਼ਿਲ. ਕੀਤੀ ਹੈ, ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸੁਆਲਾਂ-ਜੁਆਬਾਂ ਦੇ ਸੈਸ਼ਨ ਵਿਚ ਨੌਦੀਪ ਕੌਰ ਨੂੰ ਸੁਆਲ ਕਰਨ ਵਾਲਿਆਂ ਵਿਚ ਇੰਜ. ਬਲਦੇਵ ਸਿੰਘ ਬਰਾੜ, ਪ੍ਰੋ. ਜਗੀਰ ਸਿੰਘ ਕਾਹਲੋਂ, ਡਾ. ਸੁਖਦੇਵ ਸਿੰਘ ਝੰਡ, ਜਸਬੀਰ ਕੌਰ ਮੰਗੂਵਾਲ, ਹਰਜਸਪ੍ਰੀਤ ਕੌਰ ਗਿੱਲ, ਸੁਰਜੀਤ ਕੌਰ ਅਤੇ ਹੋਰ ਕਈ ਸ਼ਾਮਲ ਸਨ।




ਨੌਦੀਪ ਕੌਰ ਤੇ ਭੰਵਰੀ ਦੇਵੀ ਹੋਈਆਂ ਆਪਣੀਆਂ ਭਾਵਨਾਵਾਂ ਤੇ ਤਜਰਬਿਆਂ ਨਾਲ ਹਾਜ਼ਰੀਨ ਦੇ ਰੂ-ਬਰੂ

ਦੂਸਰੇ ਦਿਨ 7 ਮਾਰਚ ਦੇ ਰੂ-ਬਰੂ ਪ੍ਰੋਗਰਾਮ ਵਿਚ ਰਾਜਸਥਾਨ ਦੀ ਵਸਨੀਕ ਭੰਵਰੀ ਦੇਵੀ ਨੇ ਦੱਸਿਆ ਕਿ ਉਸ ਨਾਲ ਉਸ ਪਿੰਡ ਦੇ ਪੰਜ ਵਿਅੱਕਤੀਆਂ ਵੱਲੋਂ ਇਸ ਕਰਕੇ ਬਲਾਤਕਾਰ ਕੀਤਾ ਗਿਆ ਕਿ ਉਹ ਔਰਤਾਂ ਦੇ ਹੱਕ ਵਿਚ ਕਿਉਂ ਆਵਾਜ਼ ਉਠਾਉਂਦੀ ਹੈ। ਉੱਚ-ਜਾਤੀ ਦੇ ਦਬਾਅ ਹੇਠ ਉਸ ਦੀ ਐੱਫ਼.ਆਈ. ਆਰ. ਤਾਂ ਕੀ ਦਰਜ ਹੋਣੀ ਸੀ, ਸਗੋਂ ਉਸ ਨੂੰ ਹਰ ਪੱਧਰ 'ਤੇ ਜ਼ਲੀਲ ਕੀਤਾ ਗਿਆ। ਸਿਵਲ ਲਿਬਰਟੀਜ਼ ਦੀ ਕੌਮੀ ਸਕੱਤਰ ਕਵਿਤਾ ਸ੍ਰੀਵਾਸਤਵਾ ਨੇ ਦੱਸਿਆ ਕਿ ਭੰਵਰੀ ਦੇਵੀ ਦੇ ਦਲੇਰੀ ਨਾਲ ਖੜੀ ਰਹਿਣ ਕਰਕੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੰਸਥਾਵਾਂ ਵੀ ਉਸ ਦੇ ਹੱਕ ਵਿਚ ਆ ਗਈਆਂ। ਰੇਪ ਦੀ ਇਹ ਘਟਨਾ ਸਤੰਬਰ 1992 ਦੀ ਹੈ ਜਦੋਂ ਸਾਰਾ ਪਿੰਡ ਉਸ ਸਮੇਂ ਚੁੱਪ-ਚਾਪ ਰਿਹਾ ਅਤੇ ਕਿਸੇ ਨੇ ਵੀ ਉਸ ਦੇ ਹੱਕ ਵਿਚ 'ਹਾਅ ਦਾ ਨਾਅਰਾ' ਨਾ ਮਾਰਿਆ। ਇਸ ਕੇਸ ਦਾ ਫ਼ੈਸਲਾ 1997 ਵਿਚ ਜਾ ਕੇ ਹੋਇਆ ਜਦੋਂ ਬਲਾਤਕਾਰੀਆਂ ਵਿੱਚੋਂ ਚਾਰ ਜਣਿਆਂ ਦੀ ਮੌਤ ਹੋ ਚੁੱਕੀ ਸੀ ਅਤੇ ਕੇਵਲ ਇਕ ਨੂੰ ਹੀ ਉਸ ਕੁਕਰਮ ਦੀ ਸਜ਼ਾ ਮਿਲ ਸਕੀ।

ਇਸ ਦੌਰਾਨ ਇਸ ਕੇਸ ਦੇ ਮਹੱਤਵਪੂਰਨ ਵੇਰਵੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਔਰਤ ਭਲਾਈ ਵਿਭਾਗ ਦੀ ਮੁਖੀ ਡਾ. ਅਮੀਰ ਸੁਲਤਾਨਾ ਵੱਲੋਂ ਸਾਂਝੇ ਕੀਤੇ ਗਏ। ਉਨ੍ਹਾਂ ਦੱਸਿਆ ਕਿ ਭੰਵਰੀ ਦੇਵੀ ਨਾਲ ਇਸ ਹੱਦ ਤੀਕ ਜ਼ਲਾਲਤ ਭਰਿਆ ਵਿਹਾਰ ਕੀਤਾ ਗਿਆ ਕਿ ਉਸ ਨੂੰ ਨਿਰ-ਵਸਤਰ ਕੀਤਾ ਗਿਆ ਅਤੇ ਸਾਰੇ ਪਿੰਡ ਦੇ ਸਾਹਮਣੇ ਬਿਆਨ ਦਰਜ ਕਰਵਾਉਣ ਲਈ ਕਿਹਾ ਗਿਆ ਪਰ ਉਸ ਵੀਰਾਂਗਣਾ ਨੇ ਇਸ ਤੋਂ ਸਾਫ਼ ਇਨਕਾਰ ਕਰ ਦਿੱਤਾ। ਹੁਣ ਭੰਵਰੀ ਦੇਵੀ ਇਕ ਦਲੇਰ ਅਤੇ ਸਮਾਜ-ਸੁਧਾਰਕ ਆਗੂ ਔਰਤ ਦਾ ਚਿੰਨ੍ਹ ਬਣ ਚੁੱਕੀ ਹੈ। ਉਸ ਦੇ ਪਤੀ ਮੋਹਨ ਲਾਲ ਨੇ ਉਸ ਦਾ ਹਰ ਕਦਮ 'ਤੇ ਭਰਪੂਰ ਸਾਥ ਦਿੱਤਾ। ਉਹ ਹੁਣ ਭਾਵੇਂ ਇਸ ਸੰਸਾਰ ਵਿਚ ਨਹੀਂ ਹੈ, ਪਰ ਭੰਵਰੀ ਫਿਰ ਵੀ ਇਕੱਲੀ ਸਮਾਜ ਸੁਧਾਰ ਦੇ ਕੰਮਾਂ ਵਿਚ ਡਟੀ ਹੋਈ ਹੈ। ਉਸ ਦਾ ਮਾਣ-ਸਨਮਾਨ ਅੰਤਰ-ਰਾਸ਼ਟਰੀ ਪੱਧਰ 'ਤੇ ਹੋਇਆ ਹੈ। ਉਸ ਨੇ ਬਾਲ-ਵਿਆਹ ਦੇ ਕਈ ਮਾਮਲੇ ਉਠਾਏ ਹਨ ਅਤੇ ਔਰਤਾਂ ਦੇ ਹੱਕ ਵਿਚ ਡੱਟ ਕੇ ਖਲੋਂਦੀ ਹੈ। ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਕੀਤੇ ਗਏ ਇਕ ਸੁਆਲ ਦੇ ਜੁਆਬ ਵਿਚ ਉਸ ਨੇ ਕਿਹਾ ਕਿ ਬਲਾਤਕਾਰੀ ਨੂੰ ਨਾ ਗੋਲੀ ਨਾਲ ਉਡਾਉਣਾ ਚਾਹੀਦਾ ਹੈ ਅਤੇ ਨਾ ਹੀ ਫ਼ਾਂਸੀ ਲਗਾਉਣਾ ਚਾਹੀਦਾ ਹੈ, ਸਗੋਂ ਉਸ ਨੂੰ ਉਮਰ-ਭਰ ਜੇਲ੍ਹ ਵਿਚ ਸੜਨ ਲਈ ਸੁੱਟਣਾ ਚਾਹੀਦਾ ਹੈ। ਹੋਰ ਸੁਆਲ-ਕਰਤਾਵਾਂ ਵਿਚ ਹਰਿੰਦਰ ਗਿੱਲ, ਜਸਬੀਰ ਮੰਗੂਵਾਲ, ਹਰਨੇਕ ਸਿੰਘ, ਅਵਤਾਰ ਗਿੱਲ, ਮਲਕੀਤ ਸਿੰਘ, ਡਾ. ਗੁਰਮਿੰਦਰ ਸਿੱਧੂ, ਪ੍ਰੋ. ਨਵਰੂਪ ਮਾਗੋ ਅਤੇ ਅਰੂਜ ਰਾਜਪੂਤ ਸ਼ਾਮਲ ਸਨ। ਉਨ੍ਹਾਂ ਵੱਲੋਂ ਭੰਵਰੀ ਦੇਵੀ ਦੇ ਸਿਰੜ ਅਤੇ ਹੌਸਲੇ ਨੂੰ ਸਲਾਮ ਕੀਤੀ ਗਈ ਜਿਸ ਨੇ ਕੇਸ ਵਾਪਸ ਲੈਣ ਜਾਂ ਆਪਣੇ ਬਿਆਨ ਬਦਲਣ ਬਦਲੇ 5 ਵਿਘੇ ਜ਼ਮੀਨ ਅਤੇ ਇਕ ਲੱਖ ਰੁਪਏ ਦੀ ਪੇਸ਼ਕਸ਼ ਠੁਕਰਾਅ ਦਿੱਤੀ ਸੀ।

ਦੋਹਾਂ ਦਿਨਾਂ ਦੇ ਵੈੱਬਨਾਰ ਦੀ ਕਾਰਵਾਈ ਦਾ ਸੰਚਾਲਨ 'ਦਿਸ਼ਾ' ਦੀ ਸਰਪ੍ਰਸਤ ਡਾ. ਕੰਵਲਜੀਤ ਢਿੱਲੋਂ ਵੱਲੋਂ ਕੀਤਾ ਗਿਆ। ਇਸ ਤਰ੍ਹਾਂ ਇਹ ਦੋਵੇਂ ਸਮਾਗ਼ਮ ਯਾਦਗਾਰੀ ਹੋ ਨਿੱਬੜੇ ਜਿਸ ਦਾ ਸਿਹਰਾ ਇਸ ਜੱਥੇਬੰਦੀ ਨੂੰ ਜਾਂਦਾ ਹੈ ਜਿਸ ਨੇ ਇਨ੍ਹਾਂ ਦੋ ਮਹਾਨ ਸ਼ਖ਼ਸੀਅਤਾਂ ਨੂੰ ਦਰਸ਼ਕਾਂ ਦੇ ਰੂ-ਬਰੂ ਕੀਤਾ। ਦੋਹਾਂ ਸਮਾਗ਼ਮਾਂ ਵਿਚ ਦਰਸ਼ਕਾਂ ਦੀ ਹਾਜ਼ਰੀ ਇਸ ਸੰਸਥਾ ਦੇ ਪਿਛਲੇ ਸਮਾਗ਼ਮਾਂ ਦਾ ਰਿਕਾਰਡ ਤੋੜ ਗਈ।

## ਰਵਨੀਤ ਸਿੰਘ ਬਿੱਟੂ ਅਗਲੇ ਕੁਝ ਸਮੇਂ ਲਈ ਲੋਕਸਭਾ ਵਿੱਚ ਕਾਂਗਰਸ ਦੇ ਆਗੂ ਬਣਾਏ ਗਏ

ਚੰਡੀਗੜ੍ਹ, 11 ਮਾਰਚ, (ਪੋਸਟ ਬਿਊਰੋ)- ਲੋਕ ਸਭਾ ਮੈਂਬਰ ਤੇ ਕਾਂਗਰਸ ਨੇਤਾ ਰਵਨੀਤ ਸਿੰਘ ਬਿੱਟੂ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕਰਨ ਕਰਕੇ ਕਾਫ਼ੀ ਚਰਚਾ ਵਿੱਚ ਰਹੇ ਹਨ ਅਤੇ ਰਾਸ਼ਟਰਪਤੀ ਦੇ ਭਾਸ਼ਣ ਦੇ ਦੌਰਾਨ ਉਨ੍ਹਾ ਨੇ ਕੇਂਦਰੀ ਚੈਂਬਰ ਵਿੱਚ ਜਾ ਕੇ ਨਾਅਰੇਬਾਜ਼ੀ ਕੀਤੀ ਸੀ। ਉਨ੍ਹਾਂ ਨੇ 'ਕਾਲਾ ਕਾਨੂੰਨ ਵਾਪਸ ਲਓ' ਦੇ ਨਾਅਰੇ ਲਾਏ ਸਨ।

ਤਾਜ਼ਾ ਖ਼ਬਰ ਇਹ ਹੈ ਕਿ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂਨੂੰ ਪਾਰਲੀਮੈਂਟ ਦੇ ਸੈਸ਼ਨ ਦੌਰਾਨ ਲੋਕ ਸਭਾ ਵਿੱਚ ਕਾਂਗਰਸ ਪਾਰਟੀ ਦੀ ਅਗਵਾਈ ਸੌਂਪੀ ਗਈ ਹੈ। ਕਾਂਗਰਸ ਪਾਰਟੀ ਨੇਤਾ ਅਧੀਰ ਰੰਜਨ ਚੌਧਰੀ ਅਤੇ ਡਿਪਟੀ ਨੇਤਾ ਗੌਰਵ ਗੋਗੋਈ ਇਸ ਵਕਤ ਕਿਉਂਕਿਪੱਛਮੀ ਬੰਗਾਲ ਤੇ ਆਸਾਮ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਰੁੱਝੇ ਹੋਏ ਹਨ, ਇਸ ਲਈਅਧੀਰ ਰੰਜਨ ਚੌਧਰੀ ਨੇ ਰਵਨੀਤ ਸਿੰਘ ਬਿੱਟੂਨੂੰ ਇਹ ਜ਼ਿਮੇਵਾਰੀ ਸੌਂਪਣ ਦੀ ਸੂਚਨਾ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੂੰਦਿੱਤੀ ਹੈ। ਵਰਨਣ ਯੋਗ ਹੈ ਕਿ ਬਿੱਟੂ ਨੇ ਕਿਹਾ ਸੀ, "ਕਿਸਾਨ ਨੇਤਾਵਾਂ ਖਿਲਾਫ ਕੇਸ ਦਰਜ ਕੀਤੇ ਗਏ ਹਨ, ਅਸੀਂ ਏਦਾਂ ਨਹੀਂ ਹੋਣ ਦੇਵਾਂਗੇ। ਇਸ ਮੁੱਦੇ ਨੂੰ ਪਾਰਲੀਮੈਂਟਵਿੱਚ ਚੁੱਕਾਂਗੇ। ਕਿਸਾਨ ਲੀਡਰਾਂ ਦਾ ਅਪਰਾਧ ਕੀ ਹੈ? ਉਹ ਆਪਣੇ ਲਈ ਨਹੀਂ, ਬਲਕਿ ਕਿਸਾਨ ਭਾਈਚਾਰੇ ਲਈ ਲੜ ਰਹੇ ਹਨ।"


## ਨੈਨੀ ਦੀ ਲੋੜ

Queen and credit view area

ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ:- 416-556-6884


## ਪਾਕਿ ਦੇ ਸਾਬਕਾ ਪ੍ਰਧਾਨ ਮੰਤਰੀ ਵੱਲੋਂ ਇਮਰਾਨ ਉੱਤੇ ਸੈਨੇਟ ਸੀਟ 70 ਕਰੋੜ ਦੀ ਵੇਚਣ ਦੋਸ਼

ਲਾਹੌਰ, 11 ਮਾਰਚ, (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਤੇ ਵਿਰੋਧੀ ਪਾਰਟੀ ਦੇ ਸੀਨੀਅਰ ਨੇਤਾ ਸ਼ਾਹਿਦ ਖਾਕਾਨ ਅੱਬਾਸੀ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਉੱਤੇ ਬਲੂਚਿਸਤਾਨ ਦੇ ਇਕ ਉਦਯੋਗਪਤੀ ਨੂੰ ਸੈਨੇਟ ਦਾ ਮੈਂਬਰ ਬਣਾਉਣ ਲਈ 70 ਕਰੋੜ ਪਾਕਿਸਤਾਨੀ ਰੁਪਏ ਲੈਣ ਦਾ ਦੋਸ਼ ਲਾਇਆ ਹੈ।



ਇਸ ਦੇਸ਼ ਦੀ ਮੁੱਖ ਵਿਰੋਧੀ ਧਿਰ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐੱਮ ਐੱਲ-ਐੱਨ) ਦੇ ਸੀਨੀਅਰ ਮੀਤ ਪ੍ਰਧਾਨ ਤੇ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਸ਼ਾਹਿਦ ਖਾਕਾਨ ਅੱਬਾਸੀ ਨੇ ਦੋਸ਼ ਲਾਇਆ ਹੈ ਕਿ ਤਿੰਨ ਮਾਰਚ ਨੂੰ ਹੋਈ ਸੈਨੇਟ ਦੀ ਚੋਣ ਜਦੋਂ ਮੁਹੰਮਦ ਅਬਦੁੱਲ ਕਾਦਿਰ ਨੇ ਆਜ਼ਾਦ ਉਮੀਦਵਾਰ ਵਜੋਂ ਲੜੀ ਤਾਂ ਉਨ੍ਹਾਂ ਨੂੰ ਇਸ ਦੇਸ਼ ਵਿੱਚ ਰਾਜ ਕਰਦੀ ਪਾਕਿ-ਸਤਾਨ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਪਾਰਟੀ ਅਤੇ ਹੋਰ ਪਾਰਟੀਆਂ ਦੀਆਂ ਵੋਟਾਂ ਮਿਲੀਆਂ ਸਨ ਅਤੇ ਪੀ ਟੀ ਆਈ ਦੇ ਪਾਰਲੀਮੈਂਟ ਮੈਂਬਰਾਂ ਨੇ ਇਮਰਾਨ ਖਾਨ ਦੇ ਕਹੇ ਉੱਤੇ ਕਾਦਿਰ ਨੂੰ ਵੋਟ ਦਿੱਤੀ ਸੀ ਤੇ ਇਮਰਾਨ ਨੇ ਉਸ ਤੋਂ 70 ਕਰੋੜ ਪਾਕਿਸਤਾਨੀ ਰੁਪਏ ਲਏ ਸਨ। ਅੱਬਾਸੀ ਨੇ ਕਿਹਾ ਕਿ ਇਮਰਾਨ ਖਾਨ ਨੂੰ ਸੈਨੇਟ ਦੀ ਟਿਕਟ ਵੇਚਣ ਲਈ ਜਵਾਬ ਦੇਣਾ ਹੋਵੇਗਾ। ਉਨ੍ਹਾ ਕਿਹਾ ਕਿ ਹਾਕਮ ਪਾਰਟੀ ਦੇ ਮੈਂਬਰ ਕਹਿ ਰਹੇ ਹਨ ਕਿ ਇਸ ਵਿਅਕਤੀ (ਮੁਹੰਮਦ ਅਬਦੁੱਲ ਕਾਦਿਰ) ਨੂੰ ਸੈਨੇਟ ਮੈਂਬਰ ਇਸ ਲਈ ਬਣਾਇਆ ਹੈ ਕਿ ਉਸ ਨੇ ਇਮਰਾਨ ਖਾਨ ਨੂੰ ਪੈਸੇ ਦਿੱਤੇ ਹਨ।ਅੱਬਾਸੀ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਇੱਕ ਉਦਯੋਗਪਤੀ ਨੂੰ ਸੈਨੇਟ ਸੀਟ ਵੇਚਣ ਦਾ ਨੋਟਿਸ ਲੈਣ ਲਈ ਪਾਕਿ-ਸਤਾਨ ਦੇ ਚੋਣ ਕਮਿਸ਼ਨ ਦੀ ਅਪੀਲ ਕੀਤੀ ਹੈ। ਦਿਲਚਸਪ ਹੈ ਕਿ ਕਾਦਿਰ ਨੇ ਆਜ਼ਾਦ ਉਮੀਦਵਾਰ ਵਜੋਂ ਸੈਨੇਟ ਦੀ ਚੋਣ ਜਿੱਤੀ ਹੈ, ਜਿਸ ਤੋਂ ਬਾਅਦ ਇਮਰਾਨ ਖਾਨ ਨੇ ਉਨ੍ਹਾਂ ਦਾ ਪਾਕਿ-ਸਤਾਨ ਤਹਿਰੀਕ-ਏ-ਇਨਸਾਫ ਪਾਰਟੀਵਿੱਚ ਸਵਾਗਤ ਕੀਤਾ ਹੈ, ਪਰਪਾਰਟੀ ਦੀ ਬਲੂਚਿਸਤਾਨ ਲੀਡਰਸ਼ਿਪ ਤੇ ਜ਼ੋਨਲ ਮੁਖੀ ਉਸ ਉਦਯੋਗਪਤੀ ਦੀ ਚੋਣ ਦਾ ਸਰੇਆਮ ਸਖਤ ਵਿਰੋਧ ਕਰ ਕੇ ਇਸ ਵਿੱਚ ਸੌਦੇਬਾਜ਼ੀ ਹੋਣ ਦਾ ਦੋਸ਼ ਲਾ ਰਹੇ ਸਨ।

## ਓਵਰਟੇਕ ਲਈ ਹਾਰਨ ਵਜਾਉਣ ਤੋਂ ਨੌਜਵਾਨ ਨੇ ਗੋਲੀਆਂ ਚਲਾਈਆਂ

ਜਲੰਧਰ, 11 ਮਾਰਚ (ਪੋਸਟ ਬਿਊਰੋ)- ਇੱਥੋਂ ਥੋੜ੍ਹੀ ਦੂਰ ਥਾਣਾ ਲਾਂਬੜਾ ਦੇ ਪਿੰਡ ਅਲੀ ਚੱਕ ਨੇੜੇ ਕਾਰ ਓਵਰਟੇਕ ਕਰਨ ਦੌਰਾਨ ਗੋਲੀਆਂ ਚੱਲ ਗਈਆਂ ਅਤੇ ਕਾਰ ਸਵਾਰ ਗੰਭੀਰ ਜ਼ਖਮੀ ਹੋ ਗਿਆ। ਜ਼ਖਮੀ ਦੀ ਪਛਾਣ ਹਰਪ੍ਰੀਤ ਸਿੰਘ ਵਜੋਂ ਹੋਈ ਹੈ, ਜਿਸ ਦੇ ਤਿੰਨ ਗੋਲੀਆਂ ਲੱਗੀਆਂ। ਉਹ ਆਪਣੇ ਕਿਸੇ ਕੰਮ ਕਾਰ ਵਿੱਚ ਜਾ ਰਿਹਾ ਸੀ ਕਿ ਉਸ ਦੇ ਅੱਗੇ ਜਾ ਰਹੀ ਬਲੈਰੋ ਗੱਡੀ ਨੂੰ ਓਵਰਟੇਕ ਕਰਨ ਲਈ ਜਦੋਂ ਉਸ ਨੇ ਹਾਰਨ ਵਜਾਇਆ ਤਾਂ ਬਲੈਰੋ ਦਾ ਚਾਲਕ ਮਨਿੰਦਰ ਸਿੰਘ ਉਰਫ ਬੌਬੀ ਗੱਡੀ ਰੋਕ ਕੇ ਬਾਹਰ ਆ ਗਿਆ ਅਤੇ ਹਾਰਨ ਤੋਂ ਭੜਕੇ ਮਨਿੰਦਰ ਸਿੰਘ ਨੇ ਹਰਪ੍ਰੀਤ ਸਿੰਘ ਉੱਤੇ ਗੋਲੀਆਂ ਦਾਗ ਦਿੱਤੀਆਂ। ਗੋਲੀਆਂ ਚਲਾਉਣ ਤੋਂ ਬਾਅਦ ਮਨਿੰਦਰ ਸਿੰਘ ਅਤੇ ਉਸ ਦੇ ਨਾਲ ਬੈਠੇ ਸਾਥੀ ਫਰਾਰ ਹੋ ਗਏ।

## ਬ੍ਰਹਮਪੁੱਤਰ ਨਦੀ ਉੱਤੇ ਡੈਮ ਦੀ ਯੋਜਨਾ ਚੀਨੀ ਪਾਰਲੀਮੈਂਟ ਵੱਲੋਂ ਪਾਸ

### * ਭਾਰਤ ਨੇ ਸਖਤ ਇਤਰਾਜ਼ ਦਰਜ ਕਰਵਾਇਆ

ਬੀਜਿੰਗ, 11 ਮਾਰਚ, (ਪੋਸਟ ਬਿਊਰੋ)- ਚੀਨ ਦੀ ਪਾਰਲੀਮੈਂਟ ਨੇ ਅੱਜ ਵੀਰਵਾਰ ਨੂੰ ਆਪਣੀ 14ਵੀਂ ਪੰਜ ਸਾਲਾ ਯੋਜਨਾ ਉੱਤੇ ਆਪਣੀ ਮੋਹਰ ਲਾਦਿੱਤੀ ਹੈ, ਜਿਸ ਵਿਚ ਤਿੱਬਤ ਵਿਚ ਬ੍ਰਹਮਪੁੱਤਰ ਨਦੀ ਉੱਤੇ ਵਿਵਾਦਤ ਡੈਮ ਬਣਾਏ ਜਾਣਦੀ ਤਜਵੀਜ਼ ਸਮੇਤ ਅਰਬਾਂ ਡਾਲਰ ਦੇ ਕਈ ਹੋਰ ਵੱਡੇ ਪ੍ਰਾਜੈਕਟ ਸ਼ਾਮਲ ਹਨ। ਤਿੱਬਤ ਵਿਚ ਬ੍ਰਹਮਪੁੱਤਰ ਉੱਤੇ ਪਣ ਬਿਜਲੀ ਪ੍ਰਾਜੈਕਟ ਭਾਰਤ ਦੇ ਅਰੁਣਾਚਲ ਪ੍ਰਦੇਸ਼ ਦੀ ਸਰਹੱਦ ਦੇ ਨੇੜੇ ਹੈ ਅਤੇ ਭਾਰਤ ਇਸ ਉੱਤੇ ਆਪਣਾ ਇਤਰਾਜ਼ ਪਹਿਲਾਂ ਵੀ ਦਰਜ ਕਰਵਾ ਚੁੱਕਾ ਹੈ ਅਤੇ ਇਸ ਦੇ ਬਾਅਦ ਫਿਰ ਇਤਰਾਜ਼ ਕਰ ਦਿੱਤਾ ਹੈ।



ਮਿਲੀ ਜਾਣਕਾਰੀ ਅਨੁਸਾਰ ਚੀਨ ਦੀ ਪਾਰਲੀਮੈਂਟ(ਨੈਸ਼ਨਲ ਪੀਪਲਜ਼ ਕਾਂਗਰਸ) ਨੇ ਅੱਜ ਵੀਰਵਾਰ 14ਵੀਂ ਪੰਜ ਸਾਲਾ ਯੋਜਨਾ (2021-2025) ਨੂੰ ਮਨਜ਼ੂਰੀ ਦਿੱਤੀ ਤਾਂ ਇਸ ਮੌਕੇਪਾਰਲੀਮੈਂਟ ਇਜਲਾਸ ਦੇ ਆਖਰੀ ਦਿਨ ਪਾਸ ਕੀਤੀ ਗਈ ਇਸ ਯੋਜਨਾ ਵਿਚ ਨੈਸ਼ਨਲ ਇਕਾਨਮੀ ਅਤੇ ਸਮਾਜਿਕ ਵਿਕਾਸ ਦੇ ਨਾਲ ਹੀ ਸਾਲ 2035 ਤਕ ਦੇ ਲੰਬੇ ਸਮੇਂ ਦੇ ਟੀਚਿਆਂ ਦਾ ਜ਼ਿਕਰ ਵੀ ਕੀਤਾ ਹੈ। ਇਸ ਪੰਜ ਸਾਲਾ ਯੋਜਨਾ ਵਿਚ ਚੀਨ ਦੇ ਵਿਕਾਸ ਬਾਰੇ 60 ਤਜਵੀਜ਼ਾਂ ਦਾ ਖਾਕਾ ਹੈ, ਜਿਸ ਉੱਤੇ ਮੋਹਰ ਲਾਉਣ ਵੇਲੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਪ੍ਰਧਾਨ ਮੰਤਰੀ ਲੀ ਕੇਕਿਆਂਗ ਮੌਜੂਦ ਸਨ।

ਵਰਨਣ ਯੋਗ ਹੈ ਕਿ ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਇਨ੍ਹਾਂ ਤਜਵੀਜ਼ਾਂ ਨੂੰ ਪਿਛਲੇ ਸਾਲ ਹੀ ਪਾਸ ਕਰ ਚੁੱਕੀ ਹੈ। ਪਿੱਛੇ ਜਿਹੇ ਤਿੱਬਤ ਖ਼ੁਦਮੁਖਤਿਆਰ ਖੇਤਰ ਦੇ ਚੇਅਰਮੈਨ ਸ਼ੀ ਡਲਹਾ ਨੇ ਚੀਨੀ ਸਰਕਾਰ ਤੋਂ ਬ੍ਰਹਮਪੁੱਤਰ ਨਦੀ ਉੱਤੇ ਪਣ-ਬਿਜਲੀ ਪ੍ਰਾਜੈਕਟ ਦਾ ਕੰਮ ਜਲਦੀ ਸ਼ੁਰੂ ਕਰਨ ਦੀ ਮੰਗ ਕੀਤੀ ਸੀ। ਉਨ੍ਹਾਂ ਪਿਛਲੇ ਸ਼ਨਿਚਰਵਾਰ ਨੂੰ ਕਿਹਾ ਸੀ ਕਿ ਇਸ ਪ੍ਰਾਜੈਕਟ ਲਈ ਪੌਣ-ਪਾਣੀ ਦੇ ਪ੍ਰਭਾਵ ਦਾ ਸਰਵੇ ਜਲਦੀ ਪੂਰਾ ਕੀਤਾ ਜਾਣਾ ਚਾਹੀਦਾ ਅਤੇ ਇਸੇ ਸਾਲ ਇਸ ਦੀ ਉਸਾਰੀ ਦਾ ਕੰਮਸ਼ੁਰੂ ਕਰਨ ਦਾ ਯਤਨ ਹੋਣਾ ਚਾਹੀਦਾ ਹੈ। ਤਿੱਬਤ ਵਿਚ ਸਾਂਗਪੋ ਦੇ ਨਾਂ ਨਾਲ ਜਾਣੀ ਜਾਂਦੀ ਬ੍ਰਹਮਪੁੱਤਰ ਨਦੀ ਉੱਤੇਬਣਾਏ ਜਾ ਰਹੇ ਇਸ ਪਣ ਬਿਜਲੀ ਪ੍ਰਾਜੈਕਟ ਤੋਂ ਭਾਰਤ ਸਰਕਾਰ ਚਿੰਤਤ ਹੈ। ਉਸ ਨੂੰ ਡਰ ਹੈ ਕਿ ਏਦਾਂ ਦਾ ਪ੍ਰਾਜੈਕਟ ਬਣਨ ਨਾਲ ਇਸ ਨਦੀ ਦੇ ਵਹਾਅ ਵਿਚ ਰੁਕਾਵਟ ਆ ਸਕਦੀ ਹੈ ਅਤੇ ਇਸ ਨਾਲ ਭਾਰਤ ਦੇ ਉੱਤਰ-ਪੂਰਬੀ ਰਾਜਾਂ ਵਿਚ ਸੋਕੇ ਦੀ ਸਥਿਤੀ ਪੈਦਾ ਹੋ ਸਕਦੀ ਹੈ, ਜਿੱਥੋਂ ਇਹ ਨਦੀ ਲੰਘ ਕੇ ਸਮੁੰਦਰ ਤੱਕ ਜਾਂਦੀ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202













jobs! jobs! jobs! jobs! jobs!

DUNDAS·JAFINE

# HELP WANTED

## ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



# ਮਹਾਂਮਾਰੀ ਕਾਰਨ ਨਵੇਂ ਇਮੀਗ੍ਰੈਂਟਸ ਨੂੰ ਦੇਸ਼ ਪਰਤਣ ਲਈ ਹੋਣਾ ਪਿਆ ਮਜਬੂਰ : ਰਿਪੋਰਟ

ਓਟਵਾ, 11 ਮਾਰਚ (ਪੋਸਟ ਬਿਊਰੋ) : ਕੋਵਿਡ-19 ਕਾਰਨ ਅਰਥਚਾਰੇ ਤੇ ਜ਼ਿੰਦਗੀ ਉੱਤੇ ਪੈਣ ਵਾਲੇ ਨਕਾਰਾਤਮਕ ਅਸਰ ਸਦਕਾ ਪਿੱਛੇ ਜਿਹੇ ਕੈਨੇਡਾ ਪਹੁੰਚੇ ਕੁੱਝ ਇਮੀਗ੍ਰੈਂਟਸ ਨੂੰ ਕੈਨੇਡਾ ਛੱਡਣ ਤੇ ਆਪਣੇ ਮੂਲ ਦੇਸ਼ਾਂ ਨੂੰ ਪਰਤਣ ਲਈ ਮਜਬੂਰ ਕਰ ਦਿੱਤਾ। ਸਟੈਟੇਸਟਿਕਸ ਕੈਨੇਡਾ ਵੱਲੋਂ ਕਰਵਾਏ ਗਏ ਲੇਬਰ ਫੋਰਸ ਸਰਵੇਅ ਦੇ ਵਿਸ਼ਲੇਸ਼ਣ ਅਨੁਸਾਰ ਪੰਜ ਸਾਲ ਦੇ ਅਰਸੇ ਤੋਂ ਘੱਟ ਸਮੇਂ ਤੋਂ ਕੈਨੇਡਾ ਰਹਿ ਰਹੇ ਪਰਮਾਨੈਂਟ ਰੈਜ਼ੀਡੈਂਟਸ ਦੀ ਗਿਣਤੀ 2020 ਦੇ ਅੰਤ ਤੱਕ ਚਾਰ ਫੀ ਸਦੀ ਘਟ ਕੇ 1,019,000 ਰਹਿ ਗਈ।

ਇਹ ਅਜਿਹਾ ਸਰਵੇਖਣ ਹੈ ਜਿਹੜਾ 15 ਤੋਂ 65 ਸਾਲ ਦੇ ਵਰਕਰਜ਼ ਦੀ ਗਿਣਤੀ ਉਨ੍ਹਾਂ ਦੇ ਇਮੀਗ੍ਰੇਸ਼ਨ ਸਟੇਟਸ ਤੋਂ ਮਾਪਦਾ ਹੈ।

ਪਿਛਲੇ 10 ਸਾਲਾਂ ਦੇ ਮੁਕਾਬਲੇ ਇਸ ਗਿਣਤੀ ਵਿੱਚ ਔਸਤਨ ਤਿੰਨ ਫੀ ਸਦੀ ਦਾ ਵਾਧਾ ਹੋਇਆ ਹੈ। ਡਾਟਾ ਅਨੁਸਾਰ ਪਿਛਲੇ ਪੰਜ ਤੋਂ 10 ਸਾਲਾਂ ਦਰਮਿਆਨ ਕੈਨੇਡਾ ਵਿੱਚ ਪਰਮਾਨੈਂਟ ਰੈਜ਼ੀਡੈਂਟਸ ਦੀ ਗਿਣਤੀ ਵੀ ਘੱਟ ਕੇ 2019 ਵਿੱਚ 1,170,000 ਤੋਂ 2020 ਵਿੱਚ 1,146,000 ਰਹਿ ਗਈ ਹੈ। ਯੂਨੀਵਰਸਟੀ ਆਫ ਕੈਲਗਰੀ ਸਕੂਲ ਆਫ ਪਬਲਿਕ ਪਾਲਿਸੀ ਦੇ ਰਿਸਰਚਰ ਰੌਬਰਟ ਫਾਲਕੋਨਰ ਨੇ ਆਖਿਆ ਕਿ ਮੰਦਵਾੜੇ ਦੇ ਅਰਸੇ ਦੌਰਾਨ ਇਮੀਗ੍ਰੈਂਟਸ ਦਾ ਆਪਣੇ ਅਸਲ ਮੁਲਕ ਪਰਤਣ ਦਾ ਇਹ ਰੁਝਾਨ ਅਸਾਧਾਰਨ ਨਹੀਂ ਹੈ।



ਜੇ ਉਨ੍ਹਾਂ ਦੀ ਨੌਕਰੀ ਖੁੱਸ ਜਾਂਦੀ ਹੈ ਤਾਂ ਉਹ ਆਪਣੇ ਦੇਸ਼ ਪਰਤ ਕੇ ਆਪਣੇ ਪਰਿਵਾਰ ਨਾਲ ਰਹਿ ਸਕਦੇ ਹਨ ਤੇ ਉਨ੍ਹਾਂ ਨੂੰ ਕਿਰਾਇਆ ਵੀ ਨਹੀਂ ਦੇਣਾ ਹੋਵੇਗਾ। ਉੱਥੇ ਉਨ੍ਹਾਂ ਨੂੰ ਕੋਈ ਸੋਸ਼ਲ ਕੁਨੈਕਸ਼ਨ ਵੀ ਮਿਲ ਸਕਦੇ ਹਨ। ਉਨ੍ਹਾਂ ਆਖਿਆ ਕਿ ਜਿਹੜੇ ਪਿਛਲੇ ਸਾਲ ਆਪਣੇ ਦੇਸ਼ ਚਲੇ ਗਏ ਤਾਂ ਜੇ ਅਰਥਚਾਰਾ ਜਲਦੀ ਲੀਹ ਉੱਤੇ ਨਹੀਂ ਆਉਂਦਾ ਤਾਂ ਉਹ ਸ਼ਾਇਦ ਕੈਨੇਡਾ ਪਰਤਣ ਹੀ ਨਾ। ਜਿੰਨਾਂ ਲੰਮਾਂ ਸਮਾਂ ਉਹ ਆਪਣੇ ਦੇਸ਼ ਰਹਿਣਗੇ ਓਨੀ ਹੀ ਇਸ ਗੱਲ ਦੀ ਉਮੀਦ ਘੱਟ ਹੈ ਕਿ ਉਹ ਕੈਨੇਡਾ ਪਰਤਣ।

ਅਗਸਤ ਵਿੱਚ ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਇੱਕ ਅਧਿਐਨ ਅਨੁਸਾਰ ਮਹਾਂਮਾਰੀ ਦੇ ਸ਼ੁਰੂਆਤੀ ਦਿਨਾਂ ਵਿੱਚ, ਕੈਨੇਡਾ ਪਹੁੰਚੇ ਨਵੇਂ ਇਮੀਗ੍ਰੈਂਟਸ ਨੂੰ ਕੈਨੇਡਾ ਵਿੱਚ ਪੈਦਾ ਹੋਏ ਵਰਕਰਜ਼ ਦੇ ਮੁਕਾਬਲੇ ਆਪਣੇ ਕੰਮ ਤੋਂ ਜ਼ਿਆਦਾ ਹੱਥ ਧੁਆਉਣੇ ਪਏ। ਹਾਲਾਂਕਿ ਮਹਾਂਮਾਰੀ ਕਾਰਨ ਵੀ 2019 ਦੇ ਮੁਕਾਬਲੇ 2020 ਵਿੱਚ ਕੈਨੇਡਾ ਲਈ ਇਮੀਗ੍ਰੇਸ਼ਨ ਵਿੱਚ 40 ਫੀ ਸਦੀ ਦੀ ਕਮੀ ਆਈ, ਪਰ ਲਿਬਰਲ ਸਰਕਾਰ ਨੇ ਅਕਤੂਬਰ ਵਿੱਚ ਇਹ ਐਲਾਨ ਕੀਤਾ ਕਿ ਅਗਲੇ ਤਿੰਨ ਸਾਲਾਂ ਵਿੱਚ ਕੈਨੇਡਾ 1.2 ਮਿਲੀਅਨ ਨਵੇਂ ਪਰਮਾਨੈਂਟ ਰੈਜ਼ੀਡੈਂਟਸ ਨੂੰ ਕੈਨੇਡਾ ਆਉਣ ਦੀ ਇਜਾਜ਼ਤ ਦੇਵੇਗਾ।

ਇਸ ਦੌਰਾਨ ਇਮੀਗ੍ਰੇਸ਼ਨ ਮੰਤਰੀ ਮਾਰਕੋ ਮੈਂਡੀਸਿਨੋ ਦੇ ਬੁਲਾਰੇ ਨੇ ਆਖਿਆ ਕਿ ਸਰਕਾਰ ਨੂੰ ਪੂਰੀ ਆਸ ਹੈ ਕਿ ਅਗਲੇ ਤਿੰਨ ਸਾਲਾਂ ਵਿੱਚ ਉਹ ਇਮੀਗ੍ਰੇਸ਼ਨ ਦੇ ਆਪਣੇ ਟੀਚੇ ਪੂਰੇ ਕਰ ਲਵੇਗੀ।

# ਟੋਰਾਂਟੋ ਵਿਚ ਅਗਲੇ ਹਫਤੇ ਤੋਂ ਸ਼ੁਰੂ ਕੀਤਾ ਜਾਵੇਗਾ 80 ਸਾਲ ਤੇ ਇਸ ਤੋਂ ਉਪਰ ਦੇ ਲੋਕਾਂ ਦਾ ਟੀਕਾਕਰਣ

ਟੋਰਾਂਟੋ, 11 ਮਾਰਚ (ਪੋਸਟ ਬਿਊਰੋ) : ਅਗਲੇ ਹਫਤੇ ਤੋਂ ਸਿਟੀ ਆਫ ਟੋਰਾਂਟੋ ਵੱਲੋਂ 80 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਦਾ ਟੀਕਾਕਰਣ ਤਿੰਨ ਮਾਸ ਇਮਿਊਨਾਈਜ਼ੇਸ਼ਨ ਕਲੀਨਿਕਸ ਉੱਤੇ ਸ਼ੁਰੂ ਕਰ ਦਿੱਤਾ ਜਾਵੇਗਾ।

ਸੋਮਵਾਰ ਨੂੰ ਇੱਕ ਨਿਊਜ਼ ਕਾਨਫਰੰਸ ਵਿੱਚ ਮੇਅਰ ਜੌਹਨ ਟੋਰੀ ਨੇ ਆਖਿਆ ਕਿ ਤਿੰਨ ਕਲੀਨਿਕ, ਜਿਹੜੇ ਮੈਟਰੋ ਟੋਰਾਂਟੋ ਕਨਵੈਨਸ਼ਨ ਸੈਂਟਰ, ਸਕਾਰਬੌਰੋ ਟਾਊਨ ਸੈਂਟਰ ਤੇ ਟੋਰਾਂਟੋ ਕਾਂਗਰਸ ਸੈਂਟਰ ਉੱਤੇ ਸਥਿਤ ਹਨ, 17 ਮਾਰਚ ਨੂੰ ਖੋਲ੍ਹੇ ਜਾਣਗੇ। ਸਿਟੀ ਵੱਲੋਂ ਸਥਾਨਕ ਵਾਸੀਆਂ ਨੂੰ ਅਪੁਆਇੰਟਮੈਂਟ ਬੁੱਕ ਕਰਨ ਲਈ ਅੰਤਰਿਮ ਸਿਸਟਮ ਲਾਂਚ ਕੀਤਾ ਜਾ ਰਿਹਾ ਹੈ ਜਦਕਿ ਓਨਟਾਰੀਓ ਸਰਕਾਰ ਵੱਲੋਂ ਪ੍ਰੋਵਿੰਸ ਪੱਧਰ ਉੱਤੇ 15 ਮਾਰਚ ਨੂੰ ਲਾਂਚ ਕੀਤੇ ਜਾਣ ਵਾਲੇ ਆਨਲਾਈਨ ਪੋਰਟਲ ਲਈ ਉਡੀਕ ਕੀਤੀ ਜਾ ਰਹੀ ਹੈ।



ਟੋਰਾਂਟੋ ਆਫਿਸ ਆਫ ਐਮਰਜੰਸੀ ਮੈਨੇਜਮੈਂਟ ਦੇ ਜਨਰਲ ਮੈਨੇਜਰ ਮੈਥਿਊ ਪੈਂਗ ਨੇ ਆਖਿਆ ਕਿ ਸਿਟੀ ਵੱਲੋਂ ਚਲਾਏ ਜਾਣ ਵਾਲੇ ਕੰਮਕਾਜ ਵਿੱਚ ਦੇਰ ਹੋਣ ਤੋਂ ਰੋਕਣ ਵਾਸਤੇ ਇਨ੍ਹਾਂ ਤਿੰਨ ਕਲੀਨਿਕਸ ਲਈ ਅਸੀਂ ਅੰਤਰਿਮ ਰਜਿਸਟ੍ਰੇਸ਼ਨ ਤੇ ਬੁਕਿੰਗ ਪ੍ਰਕਿਰਿਆ ਲਈ ਆਪਣੇ ਪ੍ਰੋਵਿੰਸ਼ੀਅਲ ਭਾਈਵਾਲਾਂ ਨਾਲ ਰਲ ਕੇ ਕੰਮ ਕਰ ਰਹੇ ਹਾਂ। ਉਨ੍ਹਾਂ ਦੱਸਿਆ ਕਿ ਇਹ ਕਲੀਨਿਕਸ ਸਵੇਰੇ 11:00 ਵਜੇ ਤੋਂ ਰਾਤ ਦੇ 8:00 ਵਜੇ ਤੱਕ ਚਲਾਏ ਜਾਣਗੇ ਤੇ ਇਨ੍ਹਾਂ ਲਈ ਅਪੁਆਇੰਟਮੈਂਟ ਕਿਸ ਤਰ੍ਹਾਂ ਬੁੱਕ ਕਰਵਾਈ ਜਾਵੇ ਇਸ ਬਾਰੇ ਜਾਣਕਾਰੀ ਆਉਣ ਵਾਲੇ ਦਿਨਾਂ ਵਿੱਚ ਸਾਂਝੀ ਕੀਤੀ ਜਾਵੇਗੀ।

ਸੋਮਵਾਰ ਨੂੰ ਟੋਰੀ ਨੇ ਆਖਿਆ ਕਿ ਇਨ੍ਹਾਂ ਕਲੀਨਿਕਸ ਨੂੰ ਸਮੇਂ ਤੋਂ ਦੋ ਹਫਤੇ ਪਹਿਲਾਂ ਖੋਲ੍ਹਣ ਦਾ ਫੈਸਲਾ ਅਗਲੇ ਹਫਤੇ ਟੋਰਾਂਟੋ ਪਬਲਿਕ ਹੈਲਥ ਨੂੰ ਹਾਸਲ ਹੋਣ ਵਾਲੀਆਂ 17,500 ਡੋਜ਼ਾਂ ਸਦਕਾ ਲਿਆ ਗਿਆ ਹੈ। ਟੋਰੀ ਨੇ ਆਖਿਆ ਕਿ ਸਿਟੀ ਵੱਲੋਂ ਚਲਾਏ ਜਾਣ ਵਾਲੇ ਹੋਰ ਛੇ ਕਲੀਨਿਕਸ ਆਉਣ ਵਾਲੇ ਹਫਤਿਆਂ ਵਿੱਚ ਵੈਕਸੀਨ ਦੀ ਸਪਲਾਈ ਤੇਜ਼ ਹੋਣ ਦੇ ਨਾਲ ਖੋਲ੍ਹੇ ਜਾਣਗੇ।

## ਇਸ ਹਫਤੇ ਕੈਨੇਡਾ ਨੂੰ ਕੋਵਿਡ-19 ਵੈਕਸੀਨ ਦੀਆਂ ਹਾਸਲ ਹੋਣਗੀਆਂ 910,000 ਡੋਜ਼ਾਂ

ਓਟਵਾ, 11 ਮਾਰਚ (ਪੋਸਟ ਬਿਊਰੋ) : ਇਸ ਹਫਤੇ ਕੈਨੇਡਾ ਨੂੰ 910,000 ਕੋਵਿਡ-19 ਵੈਕਸੀਨ ਹਾਸਲ ਹੋਣਗੀਆਂ। ਇਸ ਮਹੀਨੇ ਦੇ ਅੰਤ ਤੱਕ ਫਾਰਮਾਸਿਊਟੀਕਲ ਕੰਪਨੀਆਂ ਵੱਲੋਂ ਵਾਅਦੇ ਮੁਤਾਬਕ ਕੈਨੇਡਾ ਨੂੰ ਵੱਡੀ ਮਾਤਰਾ ਵਿੱਚ ਵੈਕਸੀਨ ਦੀ ਡਲਿਵਰੀ ਦਿੱਤੀ ਜਾਣੀ ਹੈ।



ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦਾ ਕਹਿਣਾ ਹੈ ਕਿ ਜਨਵਰੀ ਤੇ ਫਰਵਰੀ ਵਿੱਚ ਵੈਕਸੀਨ ਦੀ ਸਪਲਾਈ ਵਿੱਚ ਆਈ ਖੜੋਤ ਤੋਂ ਬਾਅਦ ਹੁਣ ਕੰਪਨੀਆਂ ਵੱਲੋਂ ਮਾਰਚ ਵਿੱਚ ਸਾਰੀ ਕਸਰ ਪੂਰੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਾਰਚ ਦੇ ਦੂਜੇ ਹਫਤੇ ਫਾਈਜ਼ਰ-ਬਾਇਓਐਨਟੈਕ ਵੱਲੋਂ ਦੇਸ਼ ਨੂੰ 445,000 ਸ਼ੌਟਸ ਹਾਸਲ ਹੋਣਗੇ। ਇਸ ਦੇ ਨਾਲ ਹੀ ਮੌਡਰਨਾ ਕੋਲੋਂ ਵੀ 465,000 ਸ਼ੌਟਸ ਹਾਸਲ ਹੋਣ ਦੀ ਉਮੀਦ ਹੈ। ਹੁਣ ਫਾਰਮਾਸਿਊਟੀਕਲ ਕੰਪਨੀਆਂ ਵੱਲੋਂ ਹਰ ਤਿੰਨ ਮਹੀਨੇ ਵਿੱਚ ਇੱਕ ਵਾਰੀ ਦੀ ਥਾਂ ਉੱਤੇ ਹਰ ਦੋ ਹਫਤਿਆਂ ਵਿੱਚ ਇੱਕ ਵਾਰੀ ਵੈਕਸੀਨ ਮੁਹੱਈਆ ਕਰਵਾਉਣ ਦੀ ਹਾਮੀ ਭਰੀ ਗਈ ਹੈ।

ਵੈਕਸੀਨ ਦੀ ਸਪਲਾਈ ਵਿੱਚ ਇਹ ਤੇਜ਼ੀ ਉਦੋਂ ਆਈ ਜਦੋਂ ਫੈਡਰਲ ਸਰਕਾਰ ਵੱਲੋਂ 31 ਮਾਰਚ ਤੱਕ ਕੰਪਨੀਆਂ ਨੂੰ ਅੱਠ ਮਿਲੀਅਨ ਡੋਜ਼ਾਂ ਦੀ ਡਲਿਵਰੀ ਕਰਨ ਲਈ ਆਖਿਆ। ਇਸ ਤਹਿਤ ਫਾਈਜ਼ਰ-ਬਾਇਓਐਨਟੈਕ ਵੱਲੋਂ 5.5 ਮਿਲੀਅਨ ਤੇ ਮੌਡਰਨਾ ਕੋਲੋਂ 2 ਮਿਲੀਅਨ ਡੋਜ਼ਾਂ ਹਾਸਲ ਹੋਣ ਦੀ ਉਮੀਦ ਹੈ। ਪਿਛਲੇ ਹਫਤੇ ਕੈਨੇਡਾ ਨੂੰ ਐਸਟ੍ਰਾਜ਼ੈਨੇਕਾ-ਆਕਸਫੋਰਡ ਤੋਂ 500,000 ਡੋਜ਼ਾਂ ਹਾਸਲ ਹੋਈਆਂ ਸਨ। ਇਸ ਸਮੇ ਫੈਡਰਲ ਸਰਕਾਰ ਨੂੰ ਨਾ ਤਾਂ ਐਸਟ੍ਰਾਜ਼ੈਨੇਕਾ-ਆਕਸਫੋਰਡ ਤੋਂ ਤੇ ਨਾ ਹੀ ਜੌਹਨਸਨ ਐਂਡ ਜੌਹਨਸਨ ਤੋਂ ਕੋਈ ਡੋਜ਼ਾਂ ਅਗਲੇ ਮਹੀਨੇ ਤੱਕ ਹਾਸਲ ਹੋਣ ਦੀ ਉਮੀਦ ਹੈ। ਪਰ ਇਹ ਦੋਵੇਂ ਕੰਪਨੀਆਂ ਵੀ ਕਈ ਮਿਲੀਅਨ ਡੋਜ਼ਾਂ ਪ੍ਰਤੀ ਮਹੀਨੇ ਦੇਣ ਲਈ ਪੂਰੀ ਤਰ੍ਹਾਂ ਤਿਆਰ ਹਨ।

ਹੁਣ ਤੱਕ 1.7 ਮਿਲੀਅਨ ਕੈਨੇਡੀਅਨਜ਼ ਨੂੰ ਘੱਟੋ ਘੱਟ ਇੱਕ ਡੋਜ਼ ਹਾਸਲ ਹੋ ਚੁੱਕੀ ਹੈ ਤੇ ਪਿਛਲੇ ਦੋ ਹਫਤਿਆਂ ਵਿੱਚ ਵੈਕਸੀਨੇਸ਼ਨ ਵਿੱਚ ਕਾਫੀ ਤੇਜ਼ੀ ਆਈ ਹੈ। ਪਿਛਲੇ ਸੱਤ ਦਿਨਾਂ ਵਿੱਚ ਹੀ 457,000 ਲੋਕਾਂ ਦਾ ਟੀਕਾਕਰਣ ਹੋ ਚੁੱਕਿਆ ਹੈ, ਜੋ ਕਿ ਦੋ ਹਫਤੇ ਪਹਿਲਾਂ ਇਸੇ ਅਰਸੇ ਦੌਰਾਨ ਹਾਸਲ ਹੋਏ ਅੰਕੜਿਆਂ ਨਾਲੋਂ ਢਾਈ ਗੁਣਾ ਜ਼ਿਆਦਾ ਹਨ।

## ਵੈਕਸੀਨੇਸ਼ਨ ਅਪੁਆਇੰਟਮੈਂਟਸ ਲਈ ਟੋਰਾਂਟੋ ਨੇ ਲਾਂਚ ਕੀਤੀ ਆਪਣੀ ਵੈੱਬਸਾਈਟ ਤੇ ਹੌਟਲਾਈਨ

ਟੋਰਾਂਟੋ, 11 ਮਾਰਚ (ਪੋਸਟ ਬਿਊਰੋ) : ਟੋਰਾਂਟੋ ਵੱਲੋਂ ਕੋਵਿਡ-19 ਵੈਕਸੀਨ ਦੀ ਬੁਕਿੰਗ ਲਈ ਆਪਣੀ ਨਵੀਂ ਵੈੱਬਸਾਈਟ ਤੇ ਹੌਟਲਾਈਨ ਲਾਂਚ ਕਰ ਦਿੱਤੀ ਗਈ ਹੈ। ਦੂਜੇ ਪਾਸੇ ਪ੍ਰੋਵਿੰਸ਼ੀਅਲ ਸਿਸਟਮ ਵੱਲੋਂ ਵੀ ਇਸ ਪਾਸੇ ਸ਼ੁਰੂਆਤ ਕਰਨ ਦੀ ਉਡੀਕ ਕੀਤੀ ਜਾ ਰਹੀ ਹੈ।

ਵੈੱਬਸਾਈਟ ਦਾ ਕਹਿਣਾ ਹੈ ਕਿ ਇਸ ਸਮੇਂ ਅਪੁਆਇੰਟਮੈਂਟਸ ਸਿਰਫ ਉਨ੍ਹਾਂ ਗਰੁੱਪਜ਼ ਲਈ ਹੀ ਉਪਲਬਧ ਹੋਣਗੀਆਂ ਜਿਨ੍ਹਾਂ ਦੀ ਸ਼ਨਾਖ਼ਤ ਪ੍ਰੋਵਿੰਸ ਵੱਲੋਂ ਕੀਤੀ ਜਾਵੇਗੀ। ਇਨ੍ਹਾਂ ਵਿੱਚ 80 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਤੋਂ ਇਲਾਵਾ ਕੁੱਝ ਹੈਲਥ ਕੇਅਰ ਵਰਕਰਜ਼ ਤੇ ਮੂਲਵਾਸੀ ਬਾਲਗ ਸ਼ਾਮਲ ਹੋਣਗੇ।

ਟੋਰਾਂਟੋ ਤੋਂ ਕਾਊਂਸਲਰ ਜੋਅ ਕ੍ਰੈਸੀ, ਜੋ ਕਿ ਸਿਟੀ ਦੇ ਬੋਰਡ ਆਫ ਹੈਲਥ ਦੇ ਚੇਅਰ ਹਨ, ਨੇ ਆਖਿਆ ਕਿ ਜਦੋਂ ਤੱਕ ਪ੍ਰੋਵਿੰਸ ਵੱਲੋਂ ਸੈਂਟਰਲਾਈਜ਼ਡ ਆਨਲਾਈਨ ਰਜਿਸਟ੍ਰੇਸ਼ਨ ਸਿਸਟਮ ਲਾਂਚ ਨਹੀਂ ਕੀਤਾ ਜਾਂਦਾ ਉਦੋਂ ਤੱਕ ਇਹ ਬੁਕਿੰਗ ਸਿਸਟਮ ਕੰਮ ਕਰੇਗਾ। ਉਨ੍ਹਾਂ ਆਖਿਆ ਕਿ ਇਹ ਹਾਲਾਤ ਸਾਜ਼ਗਾਰ ਨਹੀਂ ਹਨ ਪਰ ਜਦੋਂ ਤੱਕ ਪ੍ਰੋਵਿੰਸ਼ੀਅਲ ਸਿਸਟਮ ਨਹੀਂ ਆਉਂਦਾ ਇਹ ਕਦਮ ਚੁੱਕਿਆ ਜਾਣਾ ਜ਼ਰੂਰੀ ਸੀ। ਪ੍ਰੋਵਿੰਸ਼ੀਅਲ ਸਿਸਟਮ ਅਗਲੇ ਹਫਤੇ ਆਉਣ ਦੀ ਸੰਭਾਵਨਾ ਹੈ।

ਸਿਟੀ ਦਾ ਕਹਿਣਾ ਹੈ ਕਿ ਵੈਕਸੀਨਜ਼ ਉਨ੍ਹਾਂ ਨੂੰ ਦਿੱਤੀਆਂ ਜਾਣਗੀਆਂ ਜਿਨ੍ਹਾਂ ਕੋਲ ਟੋਰਾਂਟੋ ਤੇ ਹਸਪਤਾਲਾਂ ਤੇ ਕਮਿਊਨਿਟੀ ਹੈਲਥ ਕੇਅਰ ਸੈਂਟਰਜ਼, ਜਿਨ੍ਹਾਂ ਵਿੱਚ ਯੂਨੀਵਰਸਿਟੀ ਹੈਲਥ ਨੈੱਟਵਰਕ ਤੇ ਮਾਈਕਲ ਗੈਰਨ ਤੇ ਹੰਬਰ ਰਿਵਰ ਹਸਪਤਾਲ ਸ਼ਾਮਲ ਹਨ, ਵਿਖੇ ਅਪੁਆਇੰਟਮੈਂਟਸ ਹੋਣਗੀਆਂ।

## ਨਾਬਾਲਗ ਮੁੰਡੇ ਨੇ ਓਵਰਸਪੀਡ ਕਾਰ ਬੱਚਿਆਂ ’ਤੇ ਚੜ੍ਹਾਈ, ਇੱਕ ਦੀ ਮੌਤ

ਲੁਧਿਆਣਾ, 11 ਮਾਰਚ (ਪੋਸਟ ਬਿਊਰੋ)- ਰਿਸ਼ੀ ਨਗਰ ਵਿੱਚ ਇਨਕਮ ਟੈਕਸ ਵਿਭਾਗ ਦੇ ਨੇੜੇ ਬੀਤੀ ਸ਼ਾਮ ਕਰੀਬ ਪੰਜ ਵਜੇ ਸਟੰਟ ਕਰ ਰਹੇ ਬੋਲੇਰੋ ਕਾਰ ਚਾਲਕ ਨੇ ਸਾਈਕਲ ਉੱਤੇ ਜਾ ਰਹੇ ਦੋ ਮਾਸੂਮ ਦੋਸਤਾਂ ਨੂੰ ਟੱਕਰ ਮਾਰ ਦਿੱਤੀ। ਇੱਕ ਦੋਸਤ ਕਾਰ ਨਾਲ ਕੁਚਲੇ ਜਾਣ ਕਾਰਨ ਮੌਕੇ ਉੱਤੇ ਦਮ ਤੋੜ ਗਿਆ ਅਤੇ ਦੂਸਰਾ ਦੂਰ ਡਿੱਗ ਪਿਆ।

ਪਤਾ ਲੱਗਾ ਹੈ ਕਿ ਓਵਰ ਸਪੀਡ ਕਾਰ ਚਲਾਉਣ ਵਾਲਾ ਲੜਕਾ ਅੰਡਰਏਜ਼ ਸੀ ਅਤੇ ਕਾਰ ਚਲਾਉਂਦੇ ਹੋਏ ਆਪਣੇ ਮੋਬਾਈਲ ਤੋਂ ਆਪਣੀ ਵੀਡੀਓ ਬਣਾ ਰਿਹਾ ਸੀ। ਹਾਦਸੇ ਵਿੱਚ ਮਰਨ ਵਾਲੇ ਦੀ ਪਛਾਣ ਮਨਦੀਪ ਨਗਰ ਦੇ ਵਸਨੀਕ ਦਸ ਸਾਲਾ ਤਾਨਿਸ਼ ਵਜੋਂ ਹੋਈ ਹੈ। ਸਾਈਕਲ ਸਵਾਰ ਨੌਂ ਸਾਲਾ ਪ੍ਰਿੰਸ ਹਾਦਸੇ ਵਿੱਚ ਵਾਲ-ਵਾਲ ਬਚ ਗਿਆ, ਉਸ ਨੂੰ ਬਾਂਹ ਉੱਤੇ ਸੱਟਾਂ ਲੱਗੀਆਂ। ਹਾਦਸੇ ਦੇ ਬਾਅਦ ਉਥੇ ਇਕੱਠੇ ਹੋਏ ਲੋਕਾਂ ਨੇ ਕਾਰ ਚਾਲਕ ਨੂੰ ਕਾਬੂ ਕਰ ਕੇ ਥਾਣਾ ਪੀ ਏ ਯੂ ਪੁਲਸ ਦੇ ਹਵਾਲੇ ਕਰ ਦਿੱਤਾ।

## ਕੋਵਿਡ-19 ਦੇ ਰਿਪੋਰਟ ਕੀਤੇ ਜਾ ਰਹੇ ਨਵੇਂ ਮਾਮਲਿਆਂ ਵਿਚ 40 ਫੀ ਸਦੀ ਵੇਰੀਐਂਟਸ ਆਫ ਕਨਸਰਨ : ਡੀ ਵਿੱਲਾ

ਟੋਰਾਂਟੋ, 11 ਮਾਰਚ (ਪੋਸਟ ਬਿਊਰੋ) : ਟੋਰਾਂਟੋ ਵਿੱਚ ਗੈਰ ਜ਼ਰੂਰੀ ਰੀਟੇਲਰਜ਼ ਨੂੰ ਕਾਰੋਬਾਰ ਮੁੜ ਸ਼ੁਰੂ ਕਰਨ ਦੀ ਇਜਾਜ਼ਤ ਦੇਣ ਨਾਲ ਰੈਜ਼ੀਡੈਂਟਸ ਵੀ ਚੰਗਾ ਮਹਿਸੂਸ ਕਰ ਰਹੇ ਹਨ ਪਰ ਸਿਟੀ ਦੀ ਮੈਡੀਕਲ ਆਫੀਸਰ ਆਫ ਹੈਲਥ ਦਾ ਕਹਿਣਾ ਹੈ ਕਿ ਅਜੇ ਕੋਵਿਡ-19 ਸਬੰਧੀ ਹਰੀਕਤ ਦਾ ਸਾਹਮਣਾ ਕਰਨ ਦੀ ਲੋੜ ਹੈ।



ਸੋਮਵਾਰ ਨੂੰ ਇੱਕ ਬ੍ਰੀਫਿੰਗ ਦੌਰਾਨ ਐਲੀਨ ਡੀ ਵਿੱਲਾ ਨੇ ਆਖਿਆ ਕਿ ਰਿਪੋਰਟ ਕੀਤੇ ਜਾਣ ਵਾਲੇ 40 ਫੀ ਸਦੀ ਕੇਸਾਂ ਵਿੱਚ ਮਿਊਟੇਸ਼ਨ ਹੋ ਚੁੱਕੀ ਹੈ। ਟੋਰਾਂਟੋ ਦੀ ਉੱਘੀ ਡਾਕਟਰ ਨੇ ਆਖਿਆ ਕਿ ਜਲਦ ਹੀ ਇਨ੍ਹਾਂ ਦੇ ਵੇਰੀਐਂਟਸ ਆਫ ਕਨਸਰਨ ਵਜੋਂ ਪੁਸ਼ਟੀ ਹੋਣ ਦੀ ਸੰਭਾਵਨਾ ਹੈ। ਇੱਕ ਹਫਤੇ ਪਹਿਲਾਂ ਤੱਕ ਇਹ ਅੰਕੜਾ 1,179 ਸੀ। ਇੱਕ ਹਫਤੇ ਦੇ ਅੰਦਰ ਹੀ ਇਹ ਮਾਮਲੇ ਐਨੇ ਵਧ ਜਾਣਾ ਚਿੰਤਾ ਦਾ ਵਿਸ਼ਾ ਹੈ।

ਡੀ ਵਿੱਲਾ ਨੇ ਆਖਿਆ ਕਿ ਇਨ੍ਹਾਂ ਵੇਰੀਐਂਟਸ ਦੇ ਵੈਕਸੀਨ ਉੱਤੇ ਪੈਣ ਵਾਲੇ ਅਸਰ ਨੂੰ ਲੈ ਕੇ ਵੀ ਚਿੰਤਾ ਹੁੰਦੀ ਹੈ। ਉਨ੍ਹਾਂ ਆਖਿਆ ਕਿ ਭਾਵੇਂ ਇਲਾਜ ਕਾਫੀ ਪ੍ਰਭਾਵਸ਼ਾਲੀ ਹੈ ਤੇ ਉਨ੍ਹਾਂ ਨੂੰ ਇਸ ਗੱਲ ਦਾ ਵੀ ਯਕੀਨ ਹੈ ਕਿ ਕਾਊਂਟਰ ਵੇਰੀਐਂਟਸ ਲਈ ਵੀ ਇਹ ਵੈਕਸੀਨ ਕਾਰਗਰ ਸਿੱਧ ਹੋਵੇਗੀ।

ਇਸ ਦੌਰਾਨ ਲੰਡਨ ਸਕੂਲ ਆਫ ਹਾਈਜੀਨ ਐਂਡ ਟਰੌਪੀਕਲ ਮੈਡੀਸਿਨ ਦੀ ਐਸੋਸਿਏਟ ਪ੍ਰੋਫੈਸਰ ਰੋਜ਼ਾਲਿੰਡ ਐਗੋ ਦਾ ਕਹਿਣਾ ਹੈ ਕਿ ਉਸ ਵੱਲੋਂ ਆਪਣੀ ਟੀਮ ਨਾਲ ਮਿਲ ਕੇ ਬੀ.1.1.7 ਦੇ ਕੀਤੇ ਇੱਕ ਨਵੇਂ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਇਸ ਕਾਰਨ ਲੋਕਾਂ ਦੀ ਮੌਤ ਹੋਣ ਦਾ ਖਦਸ਼ਾ 1.67 ਗੁਣਾਂ ਵੱਧ ਹੈ। ਇਹ ਵੇਰੀਐਂਟ ਲੋਕਾਂ ਦੀਆਂ ਪੁਰਾਣੀਆਂ ਬਿਮਾਰੀਆਂ, ਉਮਰ ਉੱਤੇ ਕਾਬੂ ਪਾ ਲੈਂਦਾ ਹੈ ਤੇ ਨਤੀਜਤਨ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ।

ਡੀ ਵਿੱਲਾ ਨੇ ਰੈਜ਼ੀਡੈਂਟਸ ਨੂੰ ਇਹ ਚੇਤਾਵਨੀ ਵੀ ਦਿੱਤੀ ਕਿ ਵੇਰੀਐਂਟਸ ਆਫ ਕਨਸਰਨ ਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਸਿਟੀ ਦੀ ਸਮਰੱਥਾ ਵਾਸਤੇ ਵੀ ਵੱਡੀ ਚੁਣੌਤੀ ਹੈ। ਇਸ ਗੱਲ ਦੇ ਵੀ ਸਬੂਤ ਹਨ ਕਿ ਇਹ ਵੇਰੀਐਂਟ ਤੇਜ਼ੀ ਨਾਲ ਫੈਲਦਾ ਹੈ ਤੇ ਇਹ ਵਧੇਰੇ ਖਤਰਨਾਕ ਹੈ।

## 7 ਸਾਲਾ ਬੱਚੀ ਲਈ ਜਾਰੀ ਐਂਬਰ ਐਲਰਟ ਰੱਦ

ਮਿਡਲਸੈਕਸ ਸੈਂਟਰ, ਓਨਟਾਰੀਓ, 11 ਮਾਰਚ (ਪੋਸਟ ਬਿਊਰੋ) :ਸੱਤ ਸਾਲਾ ਬੱਚੇ ਦੇ ਸੁਰੱਖਿਅਤ ਮਿਲਣ ਤੋਂ ਬਾਅਦ ਇਸ ਸਬੰਧ ਵਿੱਚ ਜਾਰੀ ਕੀਤਾ ਗਿਆ ਐਂਬਰ ਐਲਰਟ ਰੱਦ ਕਰ ਦਿੱਤਾ ਗਿਆ।

ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਬੁੱਧਵਾਰ ਸਵੇਰੇ ਆਖਰੀ ਵਾਰੀ ਵੇਖੀ ਗਈ ਬੱਚੀ ਦੇ ਸਬੰਧ ਵਿੱਚ ਇਹ ਐਲਰਟ ਜਾਰੀ ਕੀਤਾ ਗਿਆ ਸੀ। ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਬੱਚੀ ਸਵੇਰੇ 11:20 ਉੱਤੇ ਯੌਰਕ ਰੀਜਨ ਵਿੱਚ ਸੁਰੱਖਿਅਤ ਮਿਲ ਗਈ ਸੀ।


## ਦਿਨ-ਦਿਹਾੜੇ ਮੈਡੀਕਲ ਸਟੋਰ ਦਾ ਮਾਲਕ ਕਤਲ ਕਰ ਦਿੱਤਾ

ਮੇਹਟੀਅਣਾ, 11 ਮਾਰਚ (ਪੋਸਟ ਬਿਊਰੋ)- ਥਾਣਾ ਮੇਹਟੀਆਣਾ ਦੇ ਪਿੰਡ ਅੱਤੋਵਾਲ ਵਿਖੇ ਕੱਲ੍ਹ ਸਵੇਰੇ ਮੈਡੀਕਲ ਸਟੋਰ ਦੇ 61 ਸਾਲਾ ਮਾਲਕ ਤਰਸੇਮ ਲਾਲ ਪੁੱਤਰ ਪ੍ਰੀਤਮ ਦਾਸ ਦਾ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿਤਾ ਗਿਆ। ਪੁਲਸ ਪ੍ਰਸ਼ਾਸਨ ਦੇ ਉਚ ਅਧਿਕਾਰੀਆਂ ਨੇ ਵਾਰਦਾਤ ਵਾਲੀ ਜਗ੍ਹਾ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਮੁਤਾਬਕ ਕਤਲ ਹੋਇਆ ਤਰਸੇਮ ਲਾਲ ਪੁੱਤਰ ਪ੍ਰੀਤਮ ਦਾਸ ਪਿੰਡ ਫੁਗਲਾਣਾਅੱਜਕੱਲ੍ਹ ਮੁਹੱਲਾ ਰਵਿਦਾਸ ਨਗਰ, ਹੁਸ਼ਿਆਰਪੁਰ ਵਿਖੇ ਰਹਿ ਰਿਹਾ ਸੀ। ਉਹ ਪਿਛਲੇ 30-35 ਸਾਲਾਂ ਤੋਂ ਅੱਡਾ ਅੱਤੋਵਾਲ ਵਿਖੇ ਮਹੇ ਮੈਡੀਕਲ ਸਟੋਰ ਚਲਾ ਰਿਹਾ ਸੀ। ਕੱਲ੍ਹ ਵੀ ਉਹ ਰੋਜ਼ ਵਾਂਗ ਸਵੇਰੇ 7.30 ਵਜੇ ਦੇ ਕਰੀਬ ਮੈਡੀਕਲ ਸਟੋਰ ਖੋਲ੍ਹ ਕੇ ਅੰਦਰ ਗਿਆ। ਕੁਝ ਸਮੇਂ ਬਾਅਦ ਕਿਸੇ ਨੇ ਅੰਦਰ ਜਾ ਕੇ ਦੇਖਿਆ ਤਾਂ ਉਸਦੀ ਖ਼ੂਨ ਨਾਲ ਲਥਪਥ ਹੋਈ ਲਾਸ਼ ਮੈਡੀਕਲ ਸਟੋਰ ਦੇ ਅੰਦਰ ਪਈ ਸੀ। ਉਸ ਦਾ ਤੇਜ਼ਧਾਰ ਹਥਿਆਰ ਨਾਲ ਕਤਲ ਕੀਤਾ ਗਿਆ ਸੀ।ਸੂਚਨਾ ਮਿਲਦੇ ਸਾਰ ਐਸ ਪੀ ਮਨਦੀਪ ਸਿੰਘਮੌਕੇ ਉੱਤੇ ਪਹੁੰਚੇ ਅਤੇ ਆਸ-ਪਾਸ ਦੇ ਸੀ ਸੀ ਟੀ ਵੀ ਕੈਮਰੇ ਫੋਲਣੇ ਸ਼ੁਰੂ ਕਰ ਦਿੱਤੇ। ਪੁਲਸ ਨੇ ਕਤਲ ਕਰਨ ਲਈ ਵਰਤਿਆ ਗਿਆ ਚਾਕੂ ਵਾਰਦਾਤ ਵਾਲੀ ਜਗ੍ਹਾ ਤੋਂ ਲੱਭ ਲੈ ਲਿਆ ਹੈ।









Other Realtors only Promise
But JAG AUJLA SOLD YOUR HOME WITH GUARANTEE

Advertisement GUARANTEED Till SOLD

Top 1% Broker
Call For a Quick & Free Home Evaluation
www.BramptonQuickHomeEvaluation.com

JAG AUJLA
REAL ESTATE BROKER
416-371-7777
j.aujla@rogers.com www.jagaujla.com
RE/MAX Realty Specialist Inc., Brokerage
Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਉ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ।

BRAMPTON




ਵੀਲੀਅਮ ਪਾਕਵੇ/ਰੋਇਲ ਓਰਚਾਰਡ

ਲਗਭਗ 2800 ਸੁਕੇਅਰ ਫੁੱਟ ਵਿੱਚ ਬਣਿਆ 5+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ। 48 ਫੁੱਟ ਲਾਟ ਹੈ। ਫਿਨੀਸ਼ਡ ਬੇਸਮੈਂਟ ਅਤੇ ਸੇਪਰੇਟ ਸਾਈਡ ਏਨਟਰੈਂਸ। ਨਵੀਂ ਰੂਫ ਸ਼ਿੰਗਲ ਅਤੇ ਨਵੀਂ ਅਪਗ੍ਰੇਡੇਡ ਕਿਚਨ ਜਿਸ ਵਿੱਚ ਗਰੇਨਾਈਟ ਟਾਪ ਹੈ। ਪੈਂਟਰੀ ਨਾਲ ਬਰੇਕਫਾਸਟ ਏਰੀਆ। ਗਲਿਮੀਂਗ ਹਾਰਡਵੁਡ ਫਲੋਰ। ਬੈਡਰੂਮ ਵਿੱਚ ਲੈਮੀਨੇਟ ਫਲੋਰ। ਓਕ ਸਟੇਅਰ ਕੇਸ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON



Sandalwood/Chinguacousy Park

72 Botavia Downs dr
**$ 1525**
ਲੀਸ ਲਈ
ਸੈਂਡਲਵੁਡ/ਕਿਰਾਏ ਲਈ
2 ਬੈਡਰੂਮ, 1 ਵਾਸ਼ਰੂਮ ਦੀ ਬਹੁਤ ਸੋਹਣੀ ਬੇਸਮੈਂਟ, (Separate Laundry) ਸੈਪਰੇਟ ਲਾਊਂਡਰੀ ਅਤੇ ਸੈਪਰੇਟ ਐਂਟਰੈਂਸ, 1 ਜਾਂ 2 ਕਾਰ ਪਾਰਕਿੰਗ, ਸਾਰੀਆਂ ਸੁਵਿਧਾਵਾਂ ਦੇ ਨੇੜੇ, A++ ਜਾਂ ਛੋਟੀ ਫੈਮਿਲੀ ਨੂੰ ਪਹਿਲ।

BRAMPTON



34 Winterfold Dr

Rutherford/Kennedy/Will. Pkwy
**$774,905**
5 ਲੈਵਲ ਬੈਕ ਸਪਲਿਟ ਡੀਟੈਚਡ ਘਰ, 3 ਬੈਡਰੂਮ, 3 ਵਾਸ਼ਰੂਮ, ਹਾਫ ਫਿਨਿਸ਼ਡ ਬੇਸਮੈਂਟ, 36 ਫੁੱਟ ਲਾਟ, 2020 ਵਿਚ ਅਪਗ੍ਰੇਡ ਕੀਤਾ ਗਿਆ ਅਪਗ੍ਰਿਡਿਡ ਕਿਚਨ, ਅਪਗ੍ਰਿਡਿਡ ਵਾਸ਼ਰੂਮ ਅਤੇ ਬੈਂਡਰੂਮ, ਹਾਈਵੇ 410 ਦੇ ਬਹੁਸ ਨਜ਼ਦੀਕ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।

BRAMPTON




Dixie/Queen

8 Lisa St.
**$ 434,905**
1142 ਸਕੇਅਰ ਫੁੱਟ ਦੀ ਕੌਂਡੋ (ਛੋਨਦੋ), 21ਸਟ ਫਲੋਰ ਉਤੇ 2 ਬੈਡਰੂਮ, 2 ਵਾਸ਼ਰੂਮ, ਲਾਊਂਡਰੀ, 1 ਅੰਡਰ ਗ੍ਰਾਊਂਡ ਕਾਰ ਪਾਰਕਿੰਗ, ਮਾਸਟਰ ਬੈਡਰੂਮ ਵਿਚ 3 ਪੀਸੀ ਇਨਸੂਟ, 24 ਘੰਟੇ ਸਿਕਿਉਰਿਟੀ (Security), ਬਰੈਮਲੀ ਸਿਟੀ ਸੈਂਟਰ (Bramalea City Center) ਦੇ ਕੋਲ ਸਾਰੀਆਂ ਸਹੂਲਤਾਂ ਦੇ ਨੇੜੇ, ਵਾਸ਼ਰ ਅਤੇ ਡਰਾਇਰ (Dryer), ਡਿਸ਼ਵਾਸ਼ਰ ਅਤੇ ਹੋਰ ਬਹੁਤ ਕੁੱਝ ਸ਼ਾਮਲ।



apna health



ਚੰਗੀ ਸਿਹਤ ਦੀ ਸ਼ੁਰੂਆਤ ਤੁਹਾਡੇ ਤੋਂ ਹੁੰਦੀ ਹੈ.
अच्छे स्वास्थ्य की शुरुआत आपके साथ होती है।
اچھی صحت آپ سے شروع ہوتی ہے
நல்ல ஆரோக்கியம் உங்களிடமிருந்து தொடங்குகிறது.
সুস্বাস্থ্য আপনার সাথে শুরু হয়.

**good health starts with you.**

**know the truth! > stop the spread! > help is here!**
We are here to help and can provide access to a variety of supports to the South Asian community.

**Get COVID-19 help & information in your language**

**647-846-2233**
**Outside of GTA Call: 1-866-300-3454**
For Support in Hindi, Urdu, Tamil, Bengali and Punjabi

**905-799-7700**
**Call Peel Region Helpline**
For support in English
(Monday to Friday 8:30 am to 4:30 pm)

To know more visit
apnahealth.org

Apna Health is a partnership committed to the **South Asian community**'s health and wellness during the pandemic and beyond.

Supported by Indus Community Services, pchs Serving Diverse Communities, CASSA



# ਛੋਟੇ ਕਾਰੋਬਾਰਾਂ ਦੇ ਮਾਲਕਾਂ ਨੂੰ ਬੁਲਾਵਾ ਦਿੱਤਾ ਜਾ ਰਿਹਾ ਹੈ

ਤੁਹਾਡੇ ਲਈ ਕੋਵਿਡ-19 ਸੰਬੰਧੀ ਵਿੱਤੀ ਸਹਾਇਤਾ ਉਪਲਬਧ ਹੋ ਸਕਦੀ ਹੈ।


- ਓਨਟੈਰਿਓ ਸਮੌਲ ਬਿਜ਼ਨਸ ਸਪੋਰਟ ਗ੍ਰਾਂਟ *(Ontario Small Business Support Grant)* ਰਾਹੀਂ $20,000 ਤੱਕ ਦੀਆਂ ਗ੍ਰਾਂਟਾਂ
- ਓਨਟੈਰਿਓ ਦੀ ਮੇਨ ਸਟ੍ਰੀਟ ਰੀਲਿਫ ਗ੍ਰਾਂਟ *(Ontario's Main Street Relief Grant)* ਦੇ ਰਾਹੀਂ ਪੀਪੀਈ (PPE) ਖਰੀਦਣ ਲਈ ਸਹਾਇਤਾ ਵਾਸਤੇ $1,000 ਤੱਕ
- ਪ੍ਰਾਪਰਟੀ ਟੈਕਸ ਅਤੇ ਊਰਜਾ (energy) ਸੰਬੰਧੀ ਖਰਚਿਆਂ ਲਈ ਛੋਟਾਂ



ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਾਂ ਕਿ ਛੋਟੇ ਕਾਰੋਬਾਰ ਹੁਣ ਅਤੇ ਜਦੋਂ ਅਸੀਂ ਕੋਵਿਡ-19 ਤੋਂ ਅਗੇ ਵੱਧ ਜਾਂਦੇ ਹਾਂ, ਲੋਕਾਂ ਨੂੰ ਰੁਜ਼ਗਾਰ ਦੇਣਾ ਅਤੇ ਉਨ੍ਹਾਂ ਦੇ ਭਾਈਚਾਰਿਆਂ ਦੀ ਸੇਵਾ ਕਰਨਾ ਜਾਰੀ ਰੱਖ ਸਕਦੇ ਹਨ।

**ਅਪਲਾਈ ਕਰਨ ਲਈ ontario.ca/COVIDsupport 'ਤੇ ਜਾਓ**

ਇਸਦਾ ਭੁਗਤਾਨ ਓਨਟੈਰੀਓ ਸਰਕਾਰ ਨੇ ਕੀਤਾ ਹੈ
Ontario


ਇਕ ਹਾਨੀਰਹਿਤ ਕੌਫ਼ੀ ਬਰੇਕ
ਤੁਹਾਡੀ ਸੋਚ ਨਾਲੋਂ ਜ਼ਿਆਦਾ
ਨੁਕਸਾਨ ਕਰ ਸਕਦੀ ਹੈ।
ਕੋਵਿਡ-19 ਦੇ ਫੈਲਾਅ ਨੂੰ ਰੋਕਣ ਲਈ ਮਾਸਕ ਪਹਿਨੋ,
ਆਪਣੇ ਹੱਥ ਧੋਵੋ ਅਤੇ ਸਰੀਰਕ ਦੂਰੀ ਰੱਖੋ।
ontario.ca/covid-19 ਤੇ ਜ਼ਿਆਦਾ ਜਾਣੋ
ਇਸਦੀ ਅਦਾਇਗੀ ਓਨਟਾਰੀਓ ਸਰਕਾਰ ਵਲੋਂ ਕੀਤੀ ਗਈ ਹੈ।
Ontario